ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

੧ ਮਈ ੨੦੨੩

ਸਿੱਖ ਮੁਫਾਦ ਦਾ ਪਹਿਰੇਦਾਰ



ਪ੍ਰਕਾਸ਼ ਸਿੰਘ ਬਾਦਲ
(1927-2023)



## ਸਿੱਖ ਕੌਮ ਦਾ ਮਾਣ ਅਜੈ ਸਿੰਘ ਬਾਂਗਾ ਬਣੇ ਵਿਸ਼ਵ ਬੈਂਕ ਦੇ ਮੁਖੀ



ਸ਼੍ਰੋਮਣੀ ਕਮੇਟੀ, ਸਿੰਘ ਸਭਾ ਦਾਦਰ ਦੇ ਸਹਿਯੋਗ ਨਾਲ ਸਤਿ ਸ੍ਰੀ ਅਕਾਲ ਟਰੱਸਟ ਨੇ ਦਿੱਤੇ ਸਿੱਖ ਅਚੀਵਰਜ਼ ਐਵਾਰਡ।

# ਅਜੈ ਸਿੰਘ ਬਾਂਗਾ ਵਿਸ਼ਵ ਬੈਂਕ ਦੇ ਅਗਲੇ 5 ਸਾਲਾਂ ਲਈ ਮੁਖੀ ਨਿਯੁਕਤ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਅਜੈ ਬੰਗਾ (63) ਨੂੰ ਬੁੱਧਵਾਰ ਨੂੰ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਉਹ ਵਿਸ਼ਵ ਵਿੱਤੀ ਸੰਸਥਾ ਦੇ ਮੁਖੀ ਬਣਨ ਵਾਲੇ ਪਹਿਲੇ ਸਿੱਖ ਤੇ ਭਾਰਤੀ-ਅਮਰੀਕੀ ਬਣ ਗਏ ਹਨ। ਅਜੈ ਬੰਗਾ ਨੇ ਕਿਹਾ ਕਿ ਉਹ ਅਜਿਹੇ ਸਮੇਂ ਵਿਚ ਵਿਸ਼ਵ ਬੈਂਕ ਨਾਲ ਕੰਮ ਕਰਨ ਨੂੰ ਲੈ ਕੇ ਉਤਸ਼ਾਹਿਤ ਹਨ, ਜਦੋਂ ਇਹ ਵਿਕਾਸਸ਼ੀਲ ਦੇਸ਼ਾਂ ਨੂੰ ਦਰਪੇਸ਼ ਮੁਸ਼ਕਿਲ ਵਿਕਾਸ ਚੁਣੌਤੀਆਂ ਨਾਲ ਨਜਿੱਠਣ ਦਾ ਸਾਹਮਣਾ ਕਰ ਰਹੀ ਹੈ।

ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕਾਂ ਵਲੋਂ ਅਜੈ ਬੰਗਾ ਨੂੰ 2 ਜੂਨ, 2023 ਤੋਂ ਸ਼ੁਰੂ ਹੋਣ ਵਾਲੇ ਪੰਜ ਸਾਲਾਂ ਦੇ ਕਾਰਜਕਾਲ ਲਈ ਵਿਸ਼ਵ ਬੈਂਕ ਦਾ ਪ੍ਰਧਾਨ ਚੁਣਿਆ ਗਿਆ ਹੈ।



**ਮੈਨੂੰ ਪੂਰਾ ਯਕੀਨ ਹੈ ਕਿ ਵਿਸ਼ਵ ਬੈਂਕ ਦੇ ਮੁਖ ਅਜੈ ਸਿੰਘ ਬਾਂਗਾ ਕੌਮਾਂਤਰੀ ਗਰੀਬੀ ਅਤੇ ਮੌਸਮੀ ਬਦਲਾਅ ਦੇ ਦੁਨੀਆਂ ਤੇ ਅਸਰ ਵਰਗੇ ਮਸਲਿਆਂ ਦਾ ਢੁਕਵਾਂ ਹੱਲ ਲੱਭਣਗੇ।**
**-ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ**

ਫਰਵਰੀ ਵਿਚ ਰਾਸ਼ਟਰਪਤੀ ਜੋ ਬਾਈਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਬੰਗਾ ਨੂੰ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਨਾਮਜ਼ਦ ਕਰੇਗਾ, ਕਿਉਂਕਿ ਉਹ ਇਤਿਹਾਸ ਦੇ ਇਸ ਨਾਜ਼ੁਕ ਪਲ ਵਿਚ ਵਿਸ਼ਵ ਵਿੱਤੀ ਸੰਸਥਾ ਦੀ ਅਗਵਾਈ ਕਰਨ ਲਈ ਸਭ ਤੋਂ ਯੋਗ ਹਨ।

ਬੰਗਾ ਇਸ ਸਮੇਂ ਜਨਰਲ ਐਟਲਾਂਟਿਕ ਵਿਚ ਉਪ ਚੇਅਰਮੈਨ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਲਗਭਗ 24 ਹਜ਼ਾਰ ਕਰਮਚਾਰੀਆਂ ਵਾਲੀ ਵਿਸ਼ਵ ਦੀ ਪ੍ਰਮੁੱਖ ਕੰਪਨੀ 'ਮਾਸਟਰਕਾਰਡ' ਦੇ ਪ੍ਰਧਾਨ ਅਤੇ ਸੀ.ਈ.ਓ. ਸਨ। ਅਹੁਦਾ ਸੰਭਾਲਣ ਵਾਲੇ ਉਹ ਪਹਿਲੇ ਸਿੱਖ ਤੇ ਭਾਰਤੀ-ਅਮਰੀਕੀ ਹੋਣਗੇ।

# Sat Sri Akal Trust Mumbai honours outstanding Sikh stalwarts

**Special Correspondent**

At a glittering function at the prestigious Shanmukhananda Hall, with prominent Sikh leaders in attendance, the Sanjha Pariwar Sat Sri Akal Charitable Trust dedicated to social upliftment and acknowledgement of Sikh achievers, honoured Sikh Stalwarts for their exemplary services to humanity and the Sikh community.

The buzzword -Excellence -ran through the evening with the Sikh community, in attendance applauding with awe, accomplishments from entrepreneurship and social service to sportsmanship.

"The vision of the Sat Sri Akal Charitable Trust strongly resonates with the spirit behind these awards," observed Manmohan Singh, President, Singh Sabha, Mumbai -who co-sponsored the programme.

The award ceremony featured inspiring stories of triumph, resilience, and compassion, demonstrating the outstanding and exceptional capabilities and potential of Sikh individuals across diverse fields. The persona were blessed with a Sri Sahib, Siropa and a memento.

"We are thrilled to showcase the exceptional achievements of Sikh individuals who have not only achieved remarkable success but have also made significant contributions to the betterment of society," said Puran Singh Banga, Managing Trustee of the body.

"By recognizing their accomplishments, we aim to inspire and encourage more Sikh individuals to pursue excellence while keeping in mind their responsibility towards creating a positive impact in the world."

Speaking to this correspondent, Puran Singh remarked, "The awardees were chosen carefully, not only on the basis of individual success stories but also their noteworthy giving back to the community."





ਸ੍ਰੀ ਗੁਰੂ ਸਿੰਘ ਸਭਾ
ਪੱਤ੍ਰਿਕਾ
ਸਿੱਖ ਮੁਫਾਦ ਦਾ ਪਹਿਰੇਦਾਰ

103 YEARS OF SEWA
SINGH SABHA
1920 2023
DADAR GURDWARA
ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ, ਦਾਦਰ

Year: 9 Issue: 215

1 May 2023 Price: Rs. 5

EDITOR
KULWANT SINGH

PUBLISHER
BAHADUR SINGH
on behalf of Trust Sri Guru Singh Sabha,
Dr. Ambedkar Road, Dadar (E), Mumbai-14

PRINTER:
EXCEL ARTS
Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37

FEEDBACK
T: 24135029 E: sgssdadar@gmail.com

DISCLAIMER
Sri Guru Singh Sabha does not
necessarily endorse all views of writers.

JURISDICTION
All disputes subject to jurisdiction
of Mumbai courts only.

Registration No. MAHBIL/2013/53199
Postal Registration NO.MCE/248/2023-25
Postal at Dadar H.O. Mumbai-14

# ਸੰਪਾਦਕੀ

## ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਇਤਿਹਾਸ ਵਿੱਚ ਅੱਧੀ ਸਦੀ ‘ਤੇ ਪ੍ਰਛਾਵਾਂ

ਪੰਥਕ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਿਰਕੱਢ ਆਗੂ ਸ੍ਰ. ਪ੍ਰਕਾਸ਼ ਸਿੰਘ ਬਾਦਲ ਆਪਣੀ 95 ਸਾਲ ਦੀ ਉਮਰ ਲੰਘਾ ਕੇ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਹਨ।

ਪੰਥਕ ਅਤੇ ਪੰਜਾਬ ਦੇ ਇਤਿਹਾਸਕ ਸਫਾਵਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਨੂੰ ਯਾਦ ਰੱਖਿਆ ਜਾਵੇਗਾ। ਇਹ ਯਾਦਾਂ ਮਿੱਠੀਆਂ ਘੱਟ ਤੇ ਤਿੱਖੀਆਂ ਜ਼ਿਆਦਾ ਹੋਣਗੀਆਂ। ਸ਼੍ਰੋਮਣੀ ਅਕਾਲੀ ਦਲ ਦਾ ਸਫਰ ਇੱਕ ਪੰਥਕ ਜਥੇਬੰਦੀ ਤੋਂ ਇੱਕ ਪੰਜਾਬੀ ਪਾਰਟੀ ਜਿਸ ਨੇ ਪੰਥ ਦੇ ਸਰੋਕਾਰਾਂ ਨੂੰ ਨਜ਼ਰ ਅੰਦਾਜ ਕੀਤਾ ਬਾਰੇ ਇਤਿਹਾਸਕਾਰ ਜ਼ਰੂਰ ਵਿਸਥਾਰ ਨਾਲ ਵੱਡੇ ਪੱਧਰ 'ਤੇ ਲਿਖਣਗੇ।

ਪਿੰਡ ਦੇ ਸਰਪੰਚ ਤੋਂ ਲੈ ਕੇ ਪੰਜਾਬ ਦੇ ਪੰਜ ਵਾਰੀ ਬਣੇ ਮੁੱਖ ਮੰਤਰੀ ਅਤੇ ਭਾਰਤ ਦੇ ਕੇਂਦਰੀ ਮੰਤਰੀ ਵਜੋਂ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਬਾਰੇ ਦਸਤਾਵੇਜ਼ੀ ਨਜ਼ਰਸਾਨੀ ਕਰਨੀ ਅਤੇ ਅਗਲੀ ਪਨੀਰੀ ਲਈ ਉਸ ਵਿੱਚੋਂ ਸਿੱਖਿਆ ਲੱਭਣੀ ਬਹੁਤ ਜ਼ਰੂਰੀ ਹੈ।

ਇੱਕ ਪੰਜਾਬ ਦਾ ਆਗੂ ਕਿਵੇਂ ਆਪਣੇ ਸੂਬੇ ਦੇ ਅਤੇ ਆਪਣੀ ਕੌਮ ਦੇ ਹਿੱਤਾਂ ਨੂੰ ਕਿਸੇ ਨਕਲੀ ਸਾਂਝੀਵਾਲਤਾ 'ਤੇ ਕੁਰਬਾਨ ਕਰਦਾ ਹੈ, ਇਸ ਬਾਬਤ ਵੀ ਪੜਚੋਲ ਜ਼ਰੂਰੀ ਹੈ।

ਉਨ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਲਈ ਵੱਡਾ ਘਾਟਾ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ Politics is the art of the possible” ਨੂੰ ਪੂਰੀ ਤਰ੍ਹਾਂ ਅਪਣਾਇਆ ਹੋਇਆ ਸੀ।

ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਹੋਰ ਅਕਾਲੀ ਆਗੂਆਂ ਵਾਂਗ ਜੇਲਾਂ ਕੱਟੀਆਂ ਪਰ ਜਦ ਪਾਰਟੀ ਨੇ ਸਿੱਖ ਕੌਮੀ ਮੁਫਾਦਾਂ ਨੂੰ ਕੁਰਬਾਨ ਕੀਤਾ ਤਾਂ ਇਹ ਸਾਰਾ ਜੇਲ ਵਿੱਚ ਬਿਤਾਇਆ ਸਮਾਂ ਸਰਕਾਰ ਨਾਲ ਮਿਲਵਰਤਣ ਵਾਲਾ ਲੱਗਣ ਲੱਗ ਪਿਆ।

ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਪੂਰਾ ਕਬਜਾ ਰਿਹਾ ਹੈ ਜੋ ਅੱਜ ਵੀ ਜਾਰੀ ਹੈ। ਇਸ ਦਾ ਅਸਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਹਜ਼ੂਰ ਸਾਹਿਬ ਕਮੇਟੀ ਅਤੇ ਤਖਤ ਪਟਨਾ ਸਾਹਿਬ ਕਮੇਟੀ 'ਤੇ ਵੀ ਚੰਗਾ-ਮਾੜਾ ਪੈਂਦਾ ਰਿਹਾ ਹੈ।

ਪ੍ਰਕਾਸ਼ ਸਿੰਘ ਬਾਦਲ ਦਾ ਮੁੰਬਈ ਸ਼ਹਿਰ ਨਾਲ ਵੀ ਰਿਸ਼ਤਾ-ਨਾਤਾ ਲਗਦਾ ਹੈ। ਮੁੰਬਈ ਦੀ ਸਿੱਖ ਸੰਗਤ ਨੂੰ 1978 ਦੀ ਵਿਸਾਖੀ ਭੁੱਲੀ ਨਹੀਂ ਹੈ। ਸਿੰਘ ਸਭਾ ਦਾਦਰ ਦੇ ਸੱਦੇ 'ਤੇ ਵਿਸਾਖੀ ਪੁਰਬ 'ਤੇ ਜਦ ਪ੍ਰਕਾਸ਼ ਸਿੰਘ ਬਾਦਲ ਮੁੰਬਈ ਆਏ ਤਾਂ ਪ੍ਰਬੰਧਕਾਂ ਨੂੰ ਅਤੇ ਮੁੰਬਈ ਦੀ ਸੰਗਤ ਨੂੰ ਨਹੀਂ ਪਤਾ ਸੀ ਕਿ ਉਹ ਅੰਮ੍ਰਿਤਸਰ ਵਿੱਚ ਅਖੌਤੀ ਨਿਰੰਕਾਰੀਆਂ ਨੂੰ ਗੁਰੂ ਸਾਹਿਬਾਨ ਦੇ ਖਿਲਾਫ ਸ਼ਰ੍ਹੇਆਮ ਕੁਫਰ ਤੋਲਣ ਦੀ ਇਜਾਜ਼ਤ ਦੇ ਕੇ ਆਏ ਹਨ। ਸਮੁੱਚੇ ਪੰਥ ਨੂੰ ਅਤੇ ਖਾਸ ਕਰਕੇ ਮੁੰਬਈ ਦੀਆਂ ਸੰਗਤਾਂ ਦੇ ਹਿਰਦੇ ਉਸ ਵੇਲੇ ਹੋਰ ਵਲੂੰਦਰੇ ਗਏ ਜਦ ਨਰਕਧਾਰੀਆਂ ਦੇ ਮੁਖੀ ਨੂੰ ਬਾਦਲ ਸਰਕਾਰ ਦੇ ਪ੍ਰਬੰਧਕੀ ਢਾਂਚੇ ਨੇ ਅੰਮ੍ਰਿਤਸਰ ਤੋਂ ਕੱਢ ਕੇ ਦਿੱਲੀ ਤੱਕ ਪਹੁੰਚਾਇਆ।

ਸ਼ਾਇਦ ਇਸੇ ਕਰਕੇ ਹੀ ਹੁਣ ਪੰਜਾਬ ਦੇ ਕਿਸੇ ਸਿਆਸੀ ਆਗੂ ਨੂੰ ਪੰਜਾਬ ਤੋਂ ਬਾਹਰ ਮੁੰਬਈ ਵਿੱਚ ਜਾਂ ਕਿਧਰੇ ਹੋਰ ਮੁੱਖ ਮਹਿਮਾਨ ਵਜੋਂ ਨਹੀਂ ਬੁਲਾਇਆ ਜਾਂਦਾ। ਅਫਸੋਸ ਇਸ ਗੱਲ ਦਾ ਹੈ ਕਿ ਇਸ ਤਰ੍ਹਾਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਅਤੇ ਪੰਜਾਬੀਆਂ ਦੀ ਸਾਂਝ ਵਿੱਚ ਫਰਕ ਪਿਆ ਹੈ।

ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਅਤੇ ਸਿੱਖਾਂ ਦੇ ਕਾਤਲ ਪੁਲਿਸ ਅਫਸਰਾਂ ਦੀ ਪੁਸ਼ਤ ਪਨਾਹੀ ਪ੍ਰਕਾਸ਼ ਸਿੰਘ ਬਾਦਲ ਦੀ ਜ਼ਿੰਦਗੀ ਦਾ ਇੱਕ ਅਜਿਹਾ ਕਾਲਾ ਅਧਿਆਇ ਹੈ ਜਿਸ ਦੇ ਹਜ਼ਾਰਾਂ ਪੰਨੇ ਇਤਿਹਾਸਕਾਰ ਲਿਖਣਗੇ।

ਸਿੰਘ ਸਭਾ ਮੁੰਬਈ ਪੱਤ੍ਰਿਕਾ ਜਥੇਦਾਰ ਅਕਾਲ ਤਖਤ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੇ ਭੋਗ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਛਤਰ ਛਾਇਆ ਹੇਠ ਪੰਥਕ ਏਕਤਾ ਦੀ ਅਪੀਲ ਨੂੰ ਵਕਤੀ ਕਦਮ ਅਤੇ ਇਤਿਹਾਸਕ ਗਲਤੀ ਸਮਝਦੀ ਹੈ।

ਅਸੀਂ ਇਹੀ ਅਰਦਾਸ ਕਰਦੇ ਹਾਂ ਪੰਥ ਦਾ ਉਹ ਜਜ਼ਬਾ, “ਮੈਂ ਮਰਾਂ ਪੰਥ ਜੀਵੇ” ਮੁੜ ਬਹਾਲ ਹੋਵੇ। ਸਾਡਾ ਨਿੱਜੀ, ਸਮਾਜਕ, ਧਾਰਮਕ ਅਤੇ ਸਿਆਸੀ ਜੀਵਨ ਦੀ ਪਮਾਇਸ਼ ਇਸ ਮੁਤਾਬਕ ਹੀ ਹੋਣੀ ਚਾਹੀਦੀ ਹੈ।

**ਕੁਲਵੰਤ ਸਿੰਘ**

## ਬ੍ਰਿਜ ਭੂਸ਼ਣ ਗ੍ਰਿਫ਼ਤਾਰ ਨਾ ਹੋਇਆ ਤਾਂ ਕਰਾਂਗੇ ਅੰਦੋਲਨ: ਟਿਕੈਤ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਦੇ ਲੋਕ ਸਭਾ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਇੱਥੇ ਜੰਤਰ-ਮੰਤਰ ’ਤੇ ਪਹਿਲਵਾਨਾਂ ਦਾ ਧਰਨਾ ਅੱਜ 10ਵੇਂ ਦਿਨ ਵੀ ਜਾਰੀ ਰਿਹਾ। ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਪਹਿਲਵਾਨਾਂ ਦੇ ਧਰਨੇ ਵਾਲੀ ਥਾਂ ’ਤੇ ਪੁੱਜੇ।

ਟਿਕੈਤ ਨੇ ਚਿਤਾਵਨੀ ਦਿੱਤੀ ਕਿ ਜੇਕਰ ਬ੍ਰਿਜ ਭੂਸ਼ਣ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਪੂਰੇ ਦੇਸ਼ ਵਿੱਚ ਅੰਦੋਲਨ ਹੋਵੇਗਾ। ਦੇਸ਼ ਵਿੱਚ ਸਰਕਾਰ ਲਈ ਕਾਨੂੰਨ ਵੱਖਰਾ ਹੈ ਜਦੋਂ ਕਿ ਆਮ ਆਦਮੀ ਲਈ ਵੱਖਰਾ ਹੈ।

ਇਹ ਸਰਕਾਰ ਸਾਜ਼ਿਸ਼ ਰਚ ਰਹੀ ਹੈ। ਪ੍ਰੈਸ ਕਾਨਫਰੰਸ ਦੌਰਾਨ ਵਿਨੇਸ਼ ਨੇ ਕਿਹਾ ਕਿ ਬ੍ਰਿਜ ਭੂਸ਼ਣ ਖ਼ਿਲਾਫ਼ ਸਾਲ 2012 ਅਤੇ 2014 ’ਚ ਵੀ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਸਨ ਪਰ ਕੋਈ ਕਾਰਵਾਈ ਨਹੀਂ ਹੋਈ। ਧਰਨੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਕਪੂਰਥਲਾ ਦੇ ਨੌਜਵਾਨ ਦੀ ਅਮਰੀਕਾ 'ਚ ਗੋਲੀਆਂ ਮਾਰ ਕੇ ਹੱਤਿਆ

### ਸਿੰਘ ਸਭਾ ਪੱਤ੍ਰਿਕਾ ਬਿਊਰੋ



ਰੇਲ ਕੋਚ ਫ਼ੈਕਟਰੀ ਕਪੂਰਥਲਾ ਦੇ ਸਾਹਮਣੇ ਸਥਿਤ ਪਿੰਡ ਜਲਾਲ ਭੁਲਾਣਾ (ਸੈਦੋ ਭੁਲਾਣਾ) ਦੇ ਨੌਜਵਾਨ ਦੀ ਅਮਰੀਕਾ ਵਿਚ ਲੁਟੇਰਿਆਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਪਿੰਡ ਸੈਦੋ ਭੁਲਾਣਾ ਦੇ ਸਰਪੰਚ ਰਾਜਵਿੰਦਰ ਸਿੰਘ ਬਾਜਵਾ ਤੇ ਦਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਵਾਸੀ ਜਲਾਲ ਭੁਲਾਣਾ (ਸੈਦੋ ਭੁਲਾਣਾ) ਦਾ ਪੁੱਤਰ ਨਵਜੋਤ ਸਿੰਘ (30) ਅਜੇ 13 ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਹ ਅਮਰੀਕਾ ਵਿਚ ਗੈਸ ਸਟੇਸ਼ਨ 'ਤੇ ਆਪਣੀ ਡਿਊਟੀ ਕਰ ਰਿਹਾ ਸੀ ਕਿ ਲੁਟੇਰਿਆਂ ਵਲੋਂ ਲੁੱਟ-ਖੋਹ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਨਵਜੋਤ ਸਿੰਘ ਵਲੋਂ ਉਨ੍ਹਾਂ ਦਾ ਟਾਕਰਾ ਕਰਨ 'ਤੇ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ।



**ਸ੍ਰੀ ਦਰਬਾਰ ਸਾਹਿਬ ਵਿਖੇ ਬੁੱਧਵਾਰ ਸ਼ਾਮ ਨੂੰ ਨਤਮਸਤਕ ਹੋਣ ਪੁੱਜੇ ਦੇਸ਼ ਦੇ ਉਘੇ ਕਾਰੋਬਾਰੀ ਮੁਕੇਸ਼ ਅੰਬਾਨੀ ਦੀ ਪਤਨੀ ਅਨੀਤਾ ਅੰਬਾਨੀ**

## ਜੱਸਾ ਸਿੰਘ ਰਾਮਗੜ੍ਹੀਆ ਦੀ ਹਵੇਲੀ ਢਾਹੁਣ ਦਾ ਮਾਮਲਾ ਭਖਿਆ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸ੍ਰੀ ਹਰਗੋਬਿੰਦਪੁਰ ਸਥਿਤ ਹਵੇਲੀ ਨੂੰ ਢਹਿ-ਢੇਰੀ ਕਰਨ ਦਾ ਮਾਮਲਾ ਭਖ ਗਿਆ ਹੈ। ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਨਿਵਾਸ ਸਥਾਨ ਦੇ ਦੌਰੇ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਹਾਨ ਜਰਨੈਲ ਦੀਆਂ ਪੁਰਾਤਨ ਨਿਸ਼ਾਨੀਆਂ ਬਚਾਉਣ ਲਈ ਯਤਨ ਕੀਤੇ ਜਾਣ। ਵਿਰਾਸਤੀ ਮੰਚ ਬਟਾਲਾ, ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ ਦੇ ਅੰਮ੍ਰਿਤਸਰ ਚੈਪਟਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਬਟਾਲਾ, ਸਾਹਿਲ-ਏ-ਬਿਆਸ ਖੇਡ ਤੇ ਸੱਭਿਆਚਾਰਕ ਸੁਸਾਇਟੀ ਦੇ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ 18ਵੀਂ ਸਦੀ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਸ੍ਰੀ ਹਰਗੋਬਿੰਦਪੁਰ ਸਾਹਿਬ ਸਥਿਤ ਨਿਵਾਸ ਸਥਾਨ ਨੂੰ ਇੱਕ ਸੰਸਥਾ ਵੱਲੋਂ ਢਾਹੇ ਜਾਣ ਤੋਂ ਤੁਰੰਤ ਰੋਕਿਆ ਜਾਵੇ ਤਾਂ ਜੋ ਇਹ ਇਤਿਹਾਸਕ ਸਮਾਰਕ ਨਿਸ਼ਾਨੀ ਵਜੋਂ ਕਾਇਮ ਰਹਿ ਸਕੇ। ਵਿਰਾਸਤੀ ਮੰਚ ਬਟਾਲਾ ਦੇ ਬੁਲਾਰੇ ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਕਿ ਸਿੱਖ ਮਿਸਲਾਂ ਦੇ ਦੌਰ ਦੌਰਾਨ ਸ੍ਰੀ ਹਰਗੋਬਿੰਦਪੁਰ ਸਾਹਿਬ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਰਾਜਧਾਨੀ ਰਿਹਾ ਹੈ। ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਨਿਵਾਸ



ਸਥਾਨ ਸੀ, ਜੋ ਕਿ ਅੱਜ ਵੀ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਸੰਨ 1803 ਵਿੱਚ ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਅਕਾਲ ਚਲਾਣਾ ਹੋਇਆ ਸੀ।

ਹਰਪੁਰਾ ਨੇ ਦੱਸਿਆ ਕਿ ਸਾਲ 2015 ਵਿੱਚ ਰਾਮਗੜ੍ਹੀਆ ਸਿੱਖ ਹੈਰੀਟੇਜ ਟਰੱਸਟ ਵੱਲੋਂ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਅਤੇ ਸੰਭਾਲ ਕਰਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਤਤਕਾਲੀ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਕੋਲੋਂ ਰਖਵਾਇਆ ਗਿਆ ਸੀ। ਟਰੱਸਟ ਦੇ ਅਹੁਦੇਦਾਰਾਂ ਨੇ ਸੰਗਤ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਜੱਸਾ ਸਿੰਘ ਰਾਮਗੜ੍ਹੀਆ ਦੀ ਰਿਹਾਇਸ਼ ਦੀ ਬਿਲਕੁਲ ਪੁਰਾਣੇ ਨਕਸ਼ੇ ਤਹਿਤ ਮੁਰੰਮਤ ਕਰ ਕੇ ਸੰਭਾਲ ਕਰਨਗੇ ਪਰ ਹੁਣ ਇਤਿਹਾਸਕ ਇਮਾਰਤ ਨੂੰ ਪੂਰੀ ਤਰ੍ਹਾਂ ਢਾਹ ਕੇ ਨਵੀਂ ਦਿੱਖ ਦਿੱਤੀ ਜਾ ਰਹੀ ਹੈ।

## ਵਿਰਾਸਤੀ ਮਾਰਗ 'ਚ ਜ਼ੋਰਦਾਰ ਧਮਾਕਾ, ਕੁਝ ਲੋਕ ਮਾਮੂਲੀ ਫੱਟੜ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਮੁੱਖ ਰਸਤੇ ਵਿਰਾਸਤੀ ਮਾਰਗ ਵਿਖੇ ਘੁੰਮ ਰਹੇ ਸੈਲਾਨੀਆਂ ਅਤੇ ਸ਼ਰਧਾਲੂਆਂ ਵਿਚ ਉਸ ਵੇਲੇ ਭੱਜ ਦੌੜ ਅਤੇ ਚੀਕ ਚਿਹਾੜਾ ਮੱਚ ਗਿਆ ਜਦੋਂ ਬੀਤੀ ਰਾਤ ਨੂੰ ਅਚਾਨਕ ਇਸ ਮਾਰਗ ਵਿਚ ਇਕ ਜ਼ੋਰਦਾਰ ਧਮਾਕਾ ਹੋਇਆ ਜਿਸ ਨਾਲ ਕਈ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਜਿਸ ਨਾਲ 4-5 ਲੋਕ ਮਾਮੂਲੀ ਜ਼ਖ਼ਮੀ ਹੋ ਗਏ ਸਨ। ਧਮਾਕੇ ਦੇ ਕਈ ਕਾਰਨ ਦੱਸੇ ਜਾ ਰਹੇ ਹਨ ਪਰ ਪੁਲਿਸ ਵਲੋਂ ਇਸ ਘਟਨਾ ਨੂੰ ਵੱਖ-ਵੱਖ ਪਹਿਲੂਆਂ ਨਾਲ ਦੇਖਿਆ ਜਾ ਰਿਹਾ ਹੈ।

ਘਟਨਾ ਦੀ ਪੜਤਾਲ ਕਰਨ ਲਈ ਘਟਨਾ ਸਥਾਨ ਤੋਂ ਨਮੂਨੇ ਲੈਣ ਲਈ ਮੁਹਾਲੀ ਤੋਂ ਵਿਸ਼ੇਸ਼ ਟੀਮ ਅੰਮ੍ਰਿਤਸਰ ਪਹੁੰਚੀ। ਜਾਣਕਾਰੀ ਅਨੁਸਾਰ 6 ਮਈ ਦੀ ਰਾਤ 11 ਵਜੇ ਤੋਂ ਬਾਅਦ ਵਿਰਾਸਤੀ ਮਾਰਗ ਵਿਖੇ ਸਾਰਾਗੜ੍ਹੀ ਪਾਰਕਿੰਗ ਨੇੜੇ ਜ਼ੋਰਦਾਰ ਧਮਾਕਾ ਹੋਇਆ। ਇਸ ਧਮਕੇ ਨੂੰ ਪਟਾਸ਼ ਦਾ ਧਮਾਕਾ ਦੱਸਿਆ ਜਾ ਰਿਹਾ ਸੀ ਪਰ ਇਸ ਘਟਨਾ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਸਾਹਮਣੇ ਆਈ ਹੈ ਜਿਸ ਵਿਚ ਵਿਰਾਸਤੀ ਮਾਰਗ ਵਿਚ ਧਮਾਕਾ ਹੋਣ ਤੋਂ ਬਾਅਦ ਧੂੰਆਂ ਉਠਦਾ ਦਿਖਾਈ ਦੇ ਰਿਹਾ ਹੈ। ਇਹ ਵੀ ਚਰਚਾ ਹੈ ਕਿ ਇਹ ਧਮਾਕਾ ਇਕ ਰੈਸਟੋਰੈਂਟ ਦੀ 'ਚ ਲੱਗੀ ਚਿਮਨੀ ਦੇ ਫੱਟਣ ਕਾਰਨ ਹੋਇਆ ਹੈ।



# ਮਿਸਲਾਂ ਦੀ ਚੜ੍ਹਤ: ਜੱਸਾ ਸਿੰਘ ਆਹਲੂਵਾਲੀਆ

## ਸਹਿਦੇਵ ਸਿੰਘ ਕਲੇਰ

ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਨੂੰ ਜ਼ਿਲ੍ਹਾ ਲਾਹੌਰ ਦੇ ਪਿੰਡ ਆਹਲੂ ਵਿੱਚ ਹੋਇਆ। ਪੰਜ ਸਾਲ ਦੀ ਉਮਰ ਵੀ ਨਹੀਂ ਹੋਈ ਸੀ ਕਿ ਇਨ੍ਹਾਂ ਦੇ ਪਿਤਾ ਬਦਰ ਸਿੰਘ ਦੀ ਮੌਤ ਹੋ ਗਈ। ਇਨ੍ਹਾਂ ਦਾ ਪਰਿਵਾਰ ਸ਼ੁਰੂ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਇਸ ਕਰਕੇ ਬਾਲਕ ਜੱਸਾ ਸਿੰਘ ਦੀ ਮਾਤਾ ਉਸ ਨੂੰ ਲੈ ਕੇ ਦਿੱਲੀ ਵਿੱਚ ਰਹਿ ਰਹੇ ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਸੁੰਦਰੀ ਕੋਲ ਚਲੀ ਗਈ। ਜੱਸਾ ਸਿੰਘ ਦੀ ਮਾਤਾ ਨੂੰ ਕਾਫੀ ਬਾਣੀ ਕੰਠ ਸੀ। ਬਾਲਕ ਜੱਸਾ ਸਿੰਘ ਵੀ ਰਸਭਿੰਨੀ ਆਵਾਜ਼ ਵਿਚ ਆਪਣੀ ਮਾਂ ਦਾ ਸਾਥ ਦਿੰਦਾ ਅਤੇ ਉਹ ਵੀ ਚੰਗੇ ਕੀਰਤਨੀਆ ਬਣ ਗਿਆ।

ਜਦੋਂ ਇਹ ਬਾਲਕ 12 ਕੁ ਸਾਲ ਦਾ ਸੀ ਤਾਂ ਮਾਤਾ ਸੁੰਦਰੀ ਨੇ ਮਾਂ-ਪੁੱਤ ਨੂੰ ਨਵਾਬ ਕਪੂਰ ਸਿੰਘ ਕੋਲ ਪੰਜਾਬ ਭੇਜ ਦਿੱਤਾ। ਦਿੱਲੀ ਵਿੱਚ ਰਹਿੰਦਿਆਂ ਭਾਵੇਂ ਉਸ ਨੇ ਹਰ ਤਰ੍ਹਾਂ ਦੇ ਹਥਿਆਰ ਚਲਾਉਣ ਦੀ ਸਿਖਲਾਈ ਪ੍ਰਾਪਤ ਕਰ ਲਈ ਸੀ ਪਰ ਇਥੇ ਨਵਾਬ ਕਪੂਰ ਸਿੰਘ ਨੇ ਉਸ ਨੂੰ ਆਪਣੀ ਦੇਖ-ਰੇਖ ਵਿਚ ਹਰ ਤਰ੍ਹਾਂ ਦੀ ਸੈਨਿਕ ਸਿਖਲਾਈ ਵਿਚ ਨਿਪੁੰਨ ਕਰ ਦਿੱਤਾ। ਸਿੱਖਾਂ ਉਪਰ ਜ਼ਬਰ ਤੇ ਜ਼ੁਲਮ ਢਾਹੁਣ ਦੇ ਸਾਰੇ ਹੱਦ ਬੰਨੇ ਪਾਰ ਕਰਨ ਵਾਲਾ ਲਾਹੌਰ ਦਾ ਸੂਬੇਦਾਰ ਜ਼ਕਰੀਆ ਖਾਨ ਇਸ ਵੇਲੇ ਆਪਣੇ ਪੂਰੇ ਜਾਹੋ ਜਲਾਲ ਨਾਲ ਸਿੱਖਾਂ ਦੀ ਨਸਲਕੁਸ਼ੀ ਕਰਨ ’ਤੇ ਤੁਲਿਆ ਹੋਇਆ ਸੀ। 1733 ਦੀ ਵਿਸਾਖੀ ਸਮੇਂ ਜਿਹੜੀ ਜਾਗੀਰ ਅਤੇ ਨਵਾਬੀ ਸਿੱਖਾਂ ਨੂੰ ਮਿਲੀ ਸੀ, ਉਹ ਦੋ ਸਾਲ ਮਗਰੋਂ ਹੀ 1735 ਨੂੰ ਵਾਪਸ ਲੈ ਲਈ ਗਈ ਸੀ।

ਇਸ ਦੌਰਾਨ ਦੋ ਕੁ ਸਾਲ ਦਾ ਸਮਾਂ ਹੀ ਸਿੱਖਾਂ ਨੂੰ ਸੁੱਖ ਦਾ ਮਿਲਿਆ ਤੇ ਦੁਬਾਰਾ ਸਿੱਖਾਂ ’ਤੇ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। 1739 ’ਚ ਜਦੋਂ ਨਾਦਰ ਸ਼ਾਹ ਨੇ ਦਿੱਲੀ ’ਤੇ ਹਮਲਾ ਕੀਤਾ ਤਾਂ ਮੁਗਲ ਹਕੂਮਤ ਦਾ ਧਿਆਨ ਉਸ ਵੱਲ ਲੱਗ ਜਾਣ ਕਾਰਨ ਸਿੱਖਾਂ ਨੂੰ ਕੁਝ ਸਾਹ ਆਇਆ। ਨੌਜਵਾਨ ਜੱਸਾ ਸਿੰਘ ਨੂੰ ਇਸ ਸਮੇਂ ਸੂਰਮਗਤੀ ਸਾਬਿਤ ਕਰਨ ਦਾ ਚੰਗਾ ਮੌਕਾ ਮਿਲਿਆ। ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਕਾਲ ਵਿੱਚ ਸਿੱਖ ਇਤਿਹਾਸ ਦੀਆਂ ਦੋ ਸੋਗਮਈ ਅਤੇ ਭਿਆਨਕ ਘਟਨਾਵਾਂ ਵਾਪਰੀਆਂ।

ਇਹ ਕਾਹਨੂੰਵਾਨ ਛੰਭ ਵਾਲਾ ਛੋਟਾ ਘੱਲੂਘਾਰਾ ਅਤੇ ਕੁੱਪ ਰਹੀੜੇ ਵਾਲਾ ਵੱਡਾ ਘੱਲੂਘਾਰਾ ਸਨ। ਦੋਹਾਂ ਘੱਲੂਘਾਰਿਆਂ ਵਿਚ ਇਸ ਸਿੱਖ ਜਰਨੈਲ ਨੇ ਹੋਰ ਸਿੱਖ ਸਰਦਾਰਾਂ ਦੀ ਸਹਾਇਤਾ ਨਾਲ ਕੌਮ ਦੀ ਯੋਗ ਅਗਵਾਈ ਕੀਤੀ ਅਤੇ ਵੱਡੀ ਬਰਬਾਦੀ ਦੇ ਬਾਵਜੂਦ ਕੌਮ ਨੂੰ ਮੁੜ ਪੈਰਾਂ ਸਿਰ ਕੀਤਾ। ਸਿੱਖ ਸੰਗਤ ਨੇ ਅਪਰੈਲ 1754 ਨੂੰ ਸਰਬੱਤ ਖਾਲਸਾ ਸੱਦ ਕੇ ਸਰਬਸੰਮਤੀ ਨਾਲ ਜੱਸਾ ਸਿੰਘ ਆਹਲੂਵਾਲੀਆ ਨੂੰ ਸਾਰੀਆਂ ਸਿੱਖ ਮਿਸਲਾਂ (ਪਟਿਆਲਾ ਦੀ ਫੂਲਕੀਆ ਮਿਸਲ ਛੱਡ ਕੇ) ਦੀਆਂ ਫ਼ੌਜਾਂ ਦਾ ਮੁੱਖ ਜਰਨੈਲ ਐਲਾਨ ਦਿੱਤਾ।

1761 ਨੂੰ ਜਦੋਂ ਅਹਿਮਦ ਸ਼ਾਹ ਅਬਦਾਲੀ ਪਾਣੀਪਤ ਦੀ ਲੜਾਈ ਜਿੱਤ ਕੇ ਵਾਪਸ ਦੇਸ਼ ਨੂੰ ਜਾਂਦਾ ਹੋਇਆ ਆਪਣੇ ਨਾਲ 2200 ਦੇ ਲਗਪਗ ਭਾਰਤੀ ਔਰਤਾਂ ਨੂੰ ਅਗਵਾ ਕਰਕੇ ਲਿਜਾ ਰਿਹਾ ਸੀ ਤਾਂ ਜੱਸਾ ਸਿੰਘ ਦੀ ਅਗਵਾਈ ਹੇਠ ਦਲ ਖਾਲਸਾ ਦੇ ਸਿੰਘਾਂ ਨੇ ਨਾ ਸਿਰਫ਼ ਇਨ੍ਹਾਂ ਔਰਤਾਂ ਨੂੰ ਅਬਦਾਲੀ ਦੀ ਕੈਦ ਤੋਂ ਆਜ਼ਾਦ ਕਰਾਇਆ ਸਗੋਂ ਇੱਜ਼ਤ-ਮਾਣ ਨਾਲ ਉਨ੍ਹਾਂ ਦੇ ਘਰਾਂ ਤੱਕ ਵੀ ਪਹੁੰਚਾਇਆ। ਇਸ ਹੀ ਸਾਲ ਦੇ ਸਤੰਬਰ ਮਹੀਨੇ ਵਿੱਚ ਸ਼ੁੱਕਰਚੱਕੀਆ, ਘਨ੍ਹੱਈਆ ਅਤੇ ਭੰਗੀ ਮਿਸਲ ਦੇ ਸਹਿਯੋਗ ਨਾਲ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਅਹਿਮਦ ਸ਼ਾਹ ਅਬਦਾਲੀ ਦੇ ਨਿਯੁਕਤ ਕੀਤੇ ਗਏ ਲਾਹੌਰ ਦੇ ਅਫ਼ਗਾਨ ਸੂਬੇਦਾਰ ਖਵਾਜਾ ਉਬੈਦ ਖਾਨ ’ਤੇ ਹਮਲਾ ਕੀਤਾ ਗਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਹਰਾਇਆ।

ਸਿੱਖ ਫੌਜਾਂ ਨੇ ਜੱਸਾ ਸਿੰਘ ਦੀ ਅਗਵਾਈ ਵਿੱਚ ਲਾਹੌਰ ਦੇ ਸ਼ਾਹੀ ਕਿਲ੍ਹੇ ’ਤੇ ਕਬਜ਼ਾ ਕਰ ਕੇ ਕੇਸਰੀ ਨਿਸ਼ਾਨ ਲਹਿਰਾ ਦਿੱਤਾ। ਜੇਤੂ ਸਿੱਖ ਸਰਦਾਰਾਂ ਤੇ ਜੇਤੂ ਸਿੱਖ ਸੈਨਿਕਾਂ ਨੇ ਇਸ ਮਹਾਨ ਜਿੱਤ ਦੀ ਖੁਸ਼ੀ ’ਚ ਸਰਬਸੰਮਤੀ ਨਾਲ ਜੱਸਾ ਸਿੰਘ ਆਹਲੂਵਾਲੀਆ ਨੂੰ ‘ਸੁਲਤਾਨ-ਉਲ-ਕੌਮ’ ਦਾ ਸਨਮਾਨ ਦੇ ਕੇ ਲਾਹੌਰ ਦੇ ਤਖ਼ਤ ’ਤੇ ਬਿਠਾਇਆ।

ਲਾਹੌਰ ਦੀ ਇਸ ਜਿੱਤ ਨਾਲ 18ਵੀਂ ਸਦੀ ਦੇ ਸਿੱਖ ਇਤਿਹਾਸ ’ਚ ਸੁਨਹਿਰੀ ਕਾਂਡ ਤਾਂ ਜੁੜ ਗਿਆ ਪਰ ਸਿੱਖ ਕੌਮ ਨੂੰ ਇਸ ਦਾ ਖਮਿਆਜ਼ਾ ਕੁੱਪ ਰਹੀੜੇ ਵਾਲੇ ਵੱਡੇ ਘੱਲੂਘਾਰੇ ਦੇ ਰੂਪ ’ਚ ਭੁਗਤਣਾ ਪਿਆ। ਬਿਨਾਂ ਸ਼ੱਕ ਅਬਦਾਲੀ 30-40 ਹਜ਼ਾਰ ਸਿੱਖਾਂ ਨੂੰ ਸ਼ਹੀਦ ਕਰ ਕੇ ਆਪਣੇ ਆਪ ਨੂੰ ਜੇਤੂ ਦੇ ਰੂਪ ਵਿਚ ਵੇਖ ਰਿਹਾ ਸੀ। ਪਰ ਉਸ ਦਾ ਇਹ ਭਰਮ ਛੇਤੀ ਹੀ ਟੁੱਟ ਗਿਆ।

ਸੁਲਤਾਨ-ਉਲ-ਕੌਮ ਦੀ ਸੁਚੱਜੀ ਤੇ ਚੜ੍ਹਦੀ ਕਲਾ ਵਾਲੀ ਅਗਵਾਈ ਵਿੱਚ ਸਿਰਫ਼ ਦੋ ਸਾਲ ਬਾਅਦ ਹੀ ਸਿੱਖਾਂ ਨੇ ਸਰਹਿੰਦ ’ਤੇ ਹਮਲਾ ਕਰ ਕੇ ਉਥੋਂ ਦੇ ਸੂਬੇਦਾਰ ਜੈਨ ਖਾਂ ਨੂੰ ਮਾਰ ਮੁਕਾਇਆ ਤੇ ਸਾਰਾ ਇਲਾਕਾ ਆਪਸ ’ਚ ਵੰਡ ਲਿਆ। ਜਿੱਤਾਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ ਤੇ ਸਿੱਖਾਂ ਨੇ ਸਤਲੁਜ ਤੋਂ ਪਾਰ ਸਹਾਰਨਪੁਰ ਤੱਕ ਦਾ ਇਲਾਕਾ ਕਬਜ਼ੇ ਵਿੱਚ ਲੈ ਲਿਆ। ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਫ਼ੌਜਾਂ ਨੇ ਨਜੀਬਾ ਬਾਦ, ਨਗੀਨਾ, ਚੰਦੋਸੀ, ਅਨੂਪਸ਼ਹਿਰ ਤੇ ਮੁਕਤੇਸ਼ਵਰ ਤੱਕ ਜਿੱਤਾਂ ਦਰਜ ਕੀਤੀਆਂ ਤੇ ਇਥੋਂ ਵਾਪਸੀ ’ਤੇ ਮੁੜਦਿਆਂ ਮੀਰਪੁਰ ਤੇ ਦੇਵਬੰਦ ਦੇ ਹਾਕਮਾਂ ਨੂੰ ਵੀ ਈਨ ਮੰਨਣ ਲਈ ਮਜਬੂਰ ਕੀਤਾ।

ਇਸ ਹੀ ਸਮੇਂ ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਕਟੜਾ ਆਹਲੂਵਾਲੀਆ ਵਸਾਇਆ। 1779 ’ਚ ਉਨ੍ਹਾਂ ਕਪੂਰਥਲਾ ਦੇ ਹਾਕਮ ਰਾਏ ਇਬਰਾਹੀਮ ਭੱਟੀ ਨੂੰ ਹਰਾ ਕੇ ਇਸ ਇਲਾਕੇ ’ਤੇ ਕਬਜ਼ਾ ਕਰ ਲਿਆ ਅਤੇ ਆਹਲੂਵਾਲੀਆ ਮਿਸਲ ਦੀ ਨੀਂਹ ਰੱਖੀ। 22 ਅਕਤੂਬਰ 1783 ਨੂੰ ਖਾਲਸਾ ਪੰਥ ਦੇ ਇਸ ਮਹਾਨ ਜਰਨੈਲ ਦੀ ਮੌਤ ਹੋ ਗਈ। 18ਵੀਂ ਸਦੀ ਦੇ ਸਿੱਖ ਇਤਿਹਾਸ ’ਚ ਇਹ ਹੀ ਇਕਲੌਤਾ ਆਗੂ ਹੈ, ਜਿਸ ਨੂੰ ‘ਸੁਲਤਾਨ-ਉਲ-ਕੌਮ’, ਸਿੱਖ ਫੌਜਾਂ ਦਾ ਸੁਪਰੀਮ ਕਮਾਂਡਰ, ਅਕਾਲ ਤਖ਼ਤ ਸਾਹਿਬ ਦੇ ਪੰਜਵੇਂ ਜਥੇਦਾਰ, ਬੁੱਢਾ ਦਲ ਦੇ ਚੌਥੇ ਜਥੇਦਾਰ ਤੇ ਬਾਦਸ਼ਾਹ ਬਣਨ ਦਾ ਮਾਣ ਪ੍ਰਾਪਤ ਹੋਇਆ।

**੧੭੩੯ ’ਚ ਜਦੋਂ ਨਾਦਰ ਸ਼ਾਹ ਨੇ ਦਿੱਲੀ ’ਤੇ ਹਮਲਾ ਕੀਤਾ ਤਾਂ ਮੁਗਲ ਹਕੂਮਤ ਦਾ ਧਿਆਨ ਉਸ ਵੱਲ ਲੱਗ ਜਾਣ ਕਾਰਨ ਸਿੱਖਾਂ ਨੂੰ ਕੁਝ ਸਾਹ ਆਇਆ। ਨੌਜਵਾਨ ਜੱਸਾ ਸਿੰਘ ਨੂੰ ਇਸ ਸਮੇਂ ਸੂਰਮਗਤੀ ਸਾਬਿਤ ਕਰਨ ਦਾ ਚੰਗਾ ਮੌਕਾ ਮਿਲਿਆ। ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਕਾਲ ਵਿੱਚ ਸਿੱਖ ਇਤਿਹਾਸ ਦੀਆਂ ਦੋ ਸੋਗਮਈ ਅਤੇ ਭਿਆਨਕ ਘਟਨਾਵਾਂ ਵਾਪਰੀਆਂ।**

## ਪੰਥਕ ਮਸਲਿਆਂ ਦੇ ਹੱਲ ਲਈ ਸਮੁੱਚੀਆਂ ਜਥੇਬੰਦੀਆਂ ਇਕਜੁੱਟ ਹੋਣ –ਸਿੰਘ ਸਾਹਿਬ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਅੱਜ ਸਿੱਖ ਕੌਮ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਹੀ ਹੈ ਤੇ ਕੌਮ ਦੇ ਸਾਹਮਣੇ ਅਨੇਕਾਂ ਮਸਲੇ ਹਨ। ਲਗਾਤਾਰ ਵਧ ਰਹੇ ਨਸ਼ੇ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ ਤੇ ਪਤਿਤਪੁਣੇ ਦਾ ਸ਼ਿਕਾਰ ਹੋ ਕੇ ਨੌਜਵਾਨ ਸਿੱਖੀ ਤੋਂ ਦੂਰ ਜਾ ਰਹੇ ਹਨ।

ਇਥੇ ਹੀ ਬੱਸ ਨਹੀਂ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਪੜ੍ਹੇ-ਲਿਖੇ ਨੌਜਵਾਨ ਮੁੰਡੇ-



ਕੁੜੀਆਂ ਦੇ ਨਾਲ-ਨਾਲ ਪਰਿਵਾਰਾਂ ਦੇ ਪਰਿਵਾਰ ਵਿਦੇਸ਼ਾਂ ਨੂੰ ਜਾ ਰਹੇ ਹਨ ਅਤੇ ਇਕ ਤਰ੍ਹਾਂ ਨਾਲ ਪੰਜਾਬ ਖਾਲੀ ਹੋ ਰਿਹਾ ਹੈ। ਉਨ੍ਹਾਂ ਪੰਜਾਬ ਦੇ ਮੌਜੂਦਾ ਹਾਲਾਤ ਤੇ ਖਾਸ ਕਰਕੇ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਹਾਲਾਤ 'ਚ ਸਿੱਖ ਧਰਮ ਦੀਆਂ ਉੱਚ ਰਵਾਇਤਾਂ, ਪਰੰਪਰਾਵਾਂ ਅਤੇ ਸਿਧਾਂਤਾਂ 'ਤੇ ਡਟ ਕੇ ਪਹਿਰਾ ਦੇਣ ਦੀ ਲੋੜ ਹੈ।

## ਚਰਨਜੀਤ ਸਿੰਘ ਅਟਵਾਲ ਭਾਜਪਾ 'ਚ ਸ਼ਾਮਿਲ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ 10 ਮਈ ਨੂੰ ਹੋਣ ਜਾ ਰਹੀ ਜਲੰਧਰ ਲੋਕ ਸਭਾ ਉਪ ਚੋਣ ਤੋਂ ਪਹਿਲਾਂ ਪਾਰਟੀ ਨੂੰ ਹੁਲਾਰਾ ਦੇਣ ਲਈ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਦੀ ਮੌਜੂਦਗੀ 'ਚ ਭਾਜਪਾ 'ਚ ਸ਼ਾਮਿਲ ਹੋ ਗਏ। ਅਟਵਾਲ (86), ਜਿਨ੍ਹਾਂ ਨੇ ਹਾਲ ਹੀ 'ਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਅਸਤੀਫ਼ਾ ਦਿੱਤਾ ਸੀ 2004 ਤੋਂ 2009 ਤੱਕ ਲੋਕ ਸਭਾ ਦੇ ਡਿਪਟੀ ਸਪੀਕਰ ਬਣੇ ਸਨ। ਉਨ੍ਹਾਂ ਦਾ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਜਲੰਧਰ ਤੋਂ ਭਾਜਪਾ ਦੇ ਉਮੀਦਵਾਰ ਹਨ ਜੋ ਕਿ ਪਿਛਲੇ ਮਹੀਨੇ ਭਾਜਪਾ 'ਚ ਸ਼ਾਮਿਲ ਹੋ ਗਏ ਸਨ।

## ਰਾਜਪਾਲ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਪਹਿਲੇ ਜਥੇ ਨੂੰ 17 ਮਈ ਨੂੰ ਹਰੀ ਝੰਡੀ ਦਿਖਾਉਣਗੇ-ਬਿੰਦਰਾ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਉਨ੍ਹਾਂ ਵਲੋਂ ਉਤਰਾਖੰਡ ਦੇ ਰਾਜਪਾਲ ਲੈਫ਼ਟੀਨੈਂਟ ਜਨਰਲ ਗੁਰਮੀਤ ਸਿੰਘ (ਸੇਵਾ-ਮੁਕਤ) ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਉਨ੍ਹਾਂ ਰਾਜਪਾਲ ਨੂੰ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ 17 ਮਈ ਨੂੰ ਰਿਸ਼ੀਕੇਸ਼ ਤੋਂ ਪਹਿਲੇ ਜਥੇ ਨੂੰ ਹਰੀ ਝੰਡੀ ਦਿਖਾਉਣ ਲਈ ਸੱਦਾ ਦਿੱਤਾ। ਇਸ ਮੌਕੇ ਰਾਜਪਾਲ ਨੇ ਕਿਹਾ ਕਿ ਸ਼ਰਧਾਲੂਆਂ ਦੀ ਯਾਤਰਾ ਨੂੰ ਨਿਰਵਿਘਨ ਅਤੇ ਸੁਰੱਖਿਅਤ ਬਣਾਉਣ ਲਈ ਸਰਕਾਰ ਵਲੋਂ ਬਿਹਤਰ ਪ੍ਰਬੰਧ ਕੀਤੇ ਗਏ ਹਨ।

## ਜੂਨ 1984 ਦੇ ਘੱਲੂਘਾਰੇ ਦੀ ਯਾਦ 'ਚ ਹੋਵੇਗਾ ਵੱਡਾ ਪੰਥਕ ਇਕੱਠ-ਹਰਨਾਮ ਸਿੰਘ ਖ਼ਾਲਸਾ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਜੂਨ 1984 'ਚ ਵਾਪਰੇ ਆਪ੍ਰੇਸ਼ਨ ਬਲਿਊ ਸਟਾਰ ਦੀ ਯਾਦ ਵਿਚ 6 ਜੂਨ ਨੂੰ ਦਮਦਮੀ ਟਕਸਾਲ ਦੇ ਕੇਂਦਰੀ ਅਸਥਾਨ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਹੋਣ ਜਾ ਰਹੇ 39ਵੇਂ ਮਹਾਨ ਸ਼ਹੀਦੀ ਸਮਾਗਮ ਦੌਰਾਨ ਵੱਡਾ ਪੰਥਕ ਇਕੱਠ ਹੋਵੇਗਾ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ, ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ, ਵੱਖ-ਵੱਖ ਸਿੱਖ ਸੰਪਰਦਾਵਾਂ ਤੇ ਜਥੇਬੰਦੀਆਂ ਦੇ ਮੁਖੀ ਅਤੇ ਬਹੁਤ ਸਾਰੀਆਂ ਅਹਿਮ ਧਾਰਮਿਕ ਸ਼ਖ਼ਸੀਅਤਾਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਸਿੱਖ ਸੰਗਤਾਂ ਹਾਜ਼ਰੀ ਭਰਨਗੀਆਂ।

## ਹਰੀਕੇ ਕੇਸ 'ਚ ਪੁਲਿਸ ਵਲੋਂ ਗ੍ਰਿਫ਼ਤਾਰ 15 ਨੌਜਵਾਨ ਹੋਏ ਰਿਹਾਅ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਪੰਜਾਬ ਦੇ ਸਿੱਖ ਨੌਜਵਾਨਾਂ ਦੀ ਪੁਲਿਸ ਵਲੋਂ ਬੀਤੇ ਦਿਨੀਂ ਕੀਤੀ ਫੜੋ-ਫੜੀ ਦੌਰਾਨ ਹਰੀਕੇ ਪੁੱਲ ਉਤੇ ਧਰਨੇ 'ਤੇ ਬੈਠੀਆਂ ਸੰਗਤਾਂ ਖ਼ਿਲਾਫ਼ ਦਰਜ ਕੀਤੇ ਗਏ ਕੇਸਾਂ ਅਤੇ ਗ੍ਰਿਫ਼ਤਾਰ ਨੌਜਵਾਨਾਂ ਦੇ ਮਾਮਲਿਆਂ ਦੀ ਪੈਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਵਲੋਂ 15 ਸਿੱਖ ਨੌਜਵਾਨਾਂ ਦੀ ਰਿਹਾਈ ਕਰਵਾਏ ਜਾਣ ਦੀ ਸੂਚਨਾ ਮਿਲੀ ਹੈ। ਸ਼੍ਰੋਮਣੀ ਕਮੇਟੀ ਅਤੇ ਇਸ ਦੀ ਕਾਨੂੰਨੀ ਟੀਮ ਦੇ ਯਤਨਾਂ ਨਾਲ ਰਿਹਾਅ ਹੋਏ ਨੌਜਵਾਨ ਸ਼੍ਰੋਮਣੀ ਕਮੇਟੀ ਦਫ਼ਤਰ ਧੰਨਵਾਦ ਕਰਨ ਲਈ ਪੁੱਜੇ।

## ਪ੍ਰਵਾਸੀ ਪੰਜਾਬੀਆਂ ਦਾ ਮੋਹ ਆਮ ਆਦਮੀ ਪਾਰਟੀ ਤੋਂ ਹੋਇਆ ਭੰਗ-ਪੱਲੀ ਝਿੱਕੀ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਆਪਣੀ ਨਿੱਜੀ ਫੇਰੀ 'ਤੇ ਅਮਰੀਕਾ ਆਏ ਕਾਂਗਰਸ ਦੇ ਟਕਸਾਲੀ ਨੇਤਾ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਯੋਜਨਾ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਸਤਵੀਰ ਸਿੰਘ ਪੱਲੀ ਝਿੱਕੀ ਨੇ ਇੱਥੇ ਸਾਨ ਫਰਾਂਸਿਸਕੋ ਆਪਣੇ ਸਾਥੀਆਂ ਨਾਲ ਮੁਲਾਕਾਤ ਕਰਨ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੇ ਮਨਾਂ 'ਚੋਂ ਆਮ ਆਦਮੀ ਪਾਰਟੀ ਦਾ ਅਕਸ ਬਹੁਤ ਧੁੰਦਲਾ ਹੋ ਚੁੱਕਾ ਹੈ ਕਿਉਂਕਿ ਇਸ ਪਾਰਟੀ ਨੇ ਲਾਰਿਆਂ ਅਤੇ ਝੂਠੇ ਵਾਅਦਿਆਂ ਨਾਲ ਪੰਜਾਬ ਦੀ ਸੱਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ 'ਚ ਭ੍ਰਿਸ਼ਟਾਚਾਰ ਘਟਣ ਦੀ ਬਜਾਏ ਵਧਿਆ ਹੈ। ਜਿਵੇਂ ਸੰਗਰੂਰ ਦੀ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੂੰ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ, ਓਹੀ ਹਾਲ ਜਲੰਧਰ ਜ਼ਿਮਨੀ ਚੋਣ ਵਿਚ ਹੋਵੇਗਾ ਤੇ ਕਾਂਗਰਸ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਵੱਡੇ ਫ਼ਰਕ ਚੋਣ ਜਿੱਤੇਗੀ। ਪੰਜਾਬੀਆਂ ਪ੍ਰਤੀ ਡਾ. ਬਰਜਿੰਦਰ ਸਿੰਘ ਹਮਦਰਦ ਦੀਆਂ ਸੇਵਾਵਾਂ ਲਈ ਵਿਸ਼ਵ ਭਰ ਦੇ ਪੰਜਾਬੀ ਪ੍ਰਸ਼ੰਸਕ ਹਨ।



## ਕੈਨੇਡਾ 'ਚ ਪੰਜਾਬੀ ਨੂੰ ਮਿਲਿਆ ਬਹਾਦਰੀ ਸਨਮਾਨ

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਬ੍ਰਿਟਿਸ਼ ਕੋਲੰਬੀਆ ਦੇ ਰਹਿਣ ਵਾਲੇ ਪੰਜਾਬੀ ਜਤਿੰਦਰ ਸ਼ਰਮਾ ਨੂੰ ਅਫ਼ਸਰ ਇੰਚਾਰਜ ਦਾ ਬਹਾਦਰੀ ਸਨਮਾਨ ਦੇ ਕੇ ਨਿਵਾਜਿਆ ਹੈ। ਪੁਲਿਸ ਵਲੋਂ ਜਤਿੰਦਰ ਸ਼ਰਮਾ ਨੂੰ ਇਹ ਸਨਮਾਨ ਸੜਕ ਹਾਦਸੇ 'ਚ ਗੰਭੀਰ ਜ਼ਖ਼ਮੀ ਹੋਏ ਵਿਅਕਤੀ ਦੀ ਮਦਦ ਕਰਨ ਬਦਲੇ ਦਿੱਤਾ ਗਿਆ ਹੈ। ਘਟਨਾ ਨਵੰਬਰ 2022 ਦੀ ਹੈ, ਜਦੋਂ ਜਤਿੰਦਰ ਸ਼ਰਮਾ ਆਪਣੀ ਕਾਰ 'ਚ ਸਵਾਰ ਹੋ ਕੇ ਜਾ ਰਹੇ ਸਨ ਤਾਂ ਰਸਤੇ 'ਚ ਹਾਦਸਾਗ੍ਰਸਤ ਹੋਏ ਵਾਹਨਾਂ ਵਿਚਕਾਰ ਫਸੇ ਗੰਭੀਰ ਜ਼ਖ਼ਮੀ ਵਿਅਕਤੀ ਦੀ ਜਾਨ ਬਚਾਈ।

## ਲੁਧਿਆਣਾ 'ਚ ਜ਼ਹਿਰੀਲੀ ਗੈਸ ਕਾਰਨ 11 ਮੌਤਾਂ ਅਤੇ ਕਈ ਹੋਏ ਬੇਹੋਸ਼

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਲੁਧਿਆਣਾ ਦੇ ਗਿਆਸਪੁਰਾ ਇਲਾਕੇ ਦੀ ਸੂਆ ਰੋਡ 'ਤੇ ਤੜਕੇ ਸੀਵਰੇਜ ਪਾਇਪਾਂ 'ਚ ਜ਼ਹਿਰੀਲੀ ਗੈਸ ਰਿਸਣ ਕਾਰਨ 11 ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ 4 ਔਰਤਾਂ ਅਤੇ ਤਿੰਨ ਬੱਚੇ ਸ਼ਾਮਿਲ ਹਨ। ਜਾਣਕਾਰੀ ਅਨੁਸਾਰ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਗਿਆਸਪੁਰਾ ਦੀ ਸੂਆ ਰੋਡ 'ਤੇ ਸੀਵਰੇਜ ਪਾਈਪਾਂ ਅਤੇ ਢੱਕਣਾ 'ਚੋਂ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਇਸ ਜ਼ਹਿਰੀਲੀ ਗੈਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਸੂਆ ਰੋਡ ਸਥਿਤ ਗੋਇਲ ਕਰਿਆਨਾ ਸਟੋਰ ਨੇੜੇ ਸੀ, ਜਿੱਥੇ ਘਰਾਂ ਵਿਚ ਮੌਜੂਦ ਵਿਅਕਤੀ ਬੇਹੋਸ਼ ਹੋਣੇ ਸ਼ੁਰੂ ਹੋ ਗਏ। ਇਸ ਤੋਂ ਇਲਾਵਾ ਸੜਕ 'ਤੇ ਜਾ ਰਹੇ ਕੁਝ ਵਿਅਕਤੀਆਂ ਨੂੰ ਵੀ ਇਸ ਗੈਸ ਨੇ ਆਪਣੀ ਲਪੇਟ 'ਚ ਲੈ ਲਿਆ ਅਤੇ ਲੋਕ ਬੇਹੋਸ਼ ਹੋ ਕੇ ਸੜਕ 'ਤੇ ਡਿੱਗਦੇ ਰਹੇ। ਗੈਸ ਪੂਰੇ ਇਲਾਕੇ ਵਿਚ ਫੈਲ ਗਈ।

## ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਵਿਖੇ ਯਾਤਰੀਆਂ ਦੀ ਗਿਣਤੀ 'ਚ ਚੋਖਾ ਵਾਧਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪੰਜਾਬ ਦੇ ਸਭ ਤੋਂ ਵੱਡੇ ਅਤੇ ਗੁਰੂ ਨਗਰੀ ਅੰਮ੍ਰਿਤਸਾਰ ਸਥਿਤ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਯਾਤਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਇਸ ਹਵਾਈ ਅੱਡੇ ਨੇ ਬੀਤੇ ਮਾਰਚ ਮਹੀਨੇ ਵਿਚ 2.58 ਲੱਖ ਯਾਤਰੀਆਂ ਦੀ ਆਵਾਜਾਈ ਨਾਲ ਨਵਾਂ ਰਿਕਾਰਡ ਬਣਾਇਆ ਹੈ। ਉਨ੍ਹਾਂ ਕਿਹਾ ਕਿ ਨਾਲ ਹੀ ਮਾਰਚ 2023 ਦੀ ਇਹ ਕੁੱਲ ਗਿਣਤੀ ਹੁਣ ਤੱਕ ਦੀ ਸਾਲ ਦੇ ਕਿਸੇ ਵੀ ਮਹੀਨੇ ਦੀ ਦੂਜੀ ਸਭ ਤੋਂ ਵੱਡੀ



ਗਿਣਤੀ ਹੈ, ਜੋ ਮਾਰਚ 2022 ਦੇ ਮੁਕਾਬਲੇ 22.4% ਫੀਸਦੀ ਵੱਧ ਹੈ।

ਅੰਤਰਰਾਸ਼ਟਰੀ ਆਵਾਜਾਈ ਵਿਚ ਵੀ ਮਾਰਚ 2023 ਵਿਚ 79,352 ਯਾਤਰੀਆਂ ਦੇ ਨਾਲ 61.4% ਫੀਸਦੀ ਦਾ ਵੱਡਾ ਵਾਧਾ ਦਰਜ ਕੀਤਾ ਗਿਆ, ਜਦੋਂਕਿ ਮਾਰਚ 2022 ਵਿਚ ਇਹ ਗਿਣਤੀ 49,152 ਯਾਤਰੀ ਸੀ।

## ਸੁਪਰੀਮ ਕੋਰਟ ਵਲੋਂ ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਬਦਲਣ ਤੋਂ ਨਾਂਹ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਾਲ 1995 'ਚ ਹੋਈ ਹੱਤਿਆ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਫ਼ਿਲਹਾਲ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਸੁਪਰੀਮ ਕੋਰਟ ਨੇ ਭਾਈ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਨੂੰ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸਮਰੱਥ ਅਥਾਰਟੀ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਵਿਚਾਰ ਕਰ ਸਕਦੀ ਹੈ। ਜਸਟਿਸ



ਬੀ.ਆਰ. ਗਵਈ, ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਜੇ ਕਰੋਲ ਦੇ ਤਿੰਨ ਮੈਂਬਰੀ ਬੈਂਚ ਨੇ ਗ੍ਰਹਿ ਮੰਤਰਾਲੇ ਨੂੰ ਆਖਿਆ ਹੈ ਕਿ ਉਹ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਆਪਣੇ ਹਿਸਾਬ ਨਾਲ ਫ਼ੈਸਲਾ ਲਵੇ।

ਅਦਾਲਤ ਦੇ ਇਸ ਫ਼ੈਸਲੇ ਨਾਲ ਹੁਣ ਇਸ ਮਾਮਲੇ 'ਚ ਗੇਂਦ ਗ੍ਰਹਿ ਮੰਤਰਾਲੇ ਦੇ ਪਾਲੇ 'ਚ ਆ ਗਈ ਹੈ।

## ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਸੋਸ਼ਲ ਮੀਡੀਆ 'ਤੇ ਗਲਤ ਤਰੀਕੇ ਨਾਲ ਪੇਸ਼ ਕਰਨ ਅਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨ ਵਾਲਿਆਂ ਖਿਲਾਫ਼ ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵਲੋਂ ਸਥਾਨਕ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਦੋ ਇੰਸਟਾਗਰਾਮ ਖ਼ਾਤਿਆਂ ਖਿਲਾਫ਼ ਐੱਫ਼. ਆਈ. ਆਰ. ਦਰਜ ਕਰਨ ਲਈ ਕਿਹਾ ਗਿਆ ਹੈ।

## ਸੁਰਖੀਆਂ...

**'ਆਪ' ਸਰਕਾਰ ਦਾ ਉਚੇਰੀ ਸਿੱਖਿਆ ਬਾਰੇ ਦਿੱਲੀ ਮਾਡਲ ਪੰਜਾਬ 'ਚ ਹੋਇਆ ਫ਼ੇਲ੍ਹ**

**ਸੁਪਰੀਮ ਕੋਰਟ ਵਲੋਂ ਬਾਦਲ ਤੇ ਸੁਖਬੀਰ ਖ਼ਿਲਾਫ਼ ਅਪਰਾਧਿਕ ਮਾਮਲਾ ਰੱਦ**



**ਆਮਦਨ ਕਰ ਵਿਭਾਗ ਵਲੋਂ ਇਸਾਈ ਪ੍ਰਚਾਰਕ ਅੰਕੁਰ ਨਰੂਲਾ ਦੇ ਟਿਕਾਣਿਆਂ 'ਤੇ ਛਾਪੇ**

**ਲੁਧਿਆਣਾ ਦੇ ਗੁਰੂ ਨਾਨਕ ਖ਼ਾਲਸਾ ਕਾਲਜ ਵਿਖੇ ਯੂਨੀਕੋਡ ਕੀਬੋਰਡ ਦੀ ਵਰਤੋਂ ਸੰਬੰਧੀ ਵਿਸ਼ੇਸ਼ ਗੋਸ਼ਟੀ ਕਰਵਾਈ**



**ਮੁੱਕੇਬਾਜ਼ੀ 'ਚ ਭਾਰਤ ਦੀ ਸ਼ਾਨ ਕਹੇ ਜਾਣ ਵਾਲੇ ਕੌਰ ਸਿੰਘ ਦਾ ਦਿਹਾਂਤ**

**ਗ੍ਰਹਿ ਵਿਭਾਗ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੇ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਹਰੀ ਝੰਡੀ**

**'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੈਂਬਰਾਂ ਨਾਲ ਪਰਿਵਾਰਕ ਮੈਂਬਰਾਂ ਵਲੋਂ ਡਿਬਰੂਗੜ੍ਹ ਜੇਲ੍ਹ 'ਚ ਮੁਲਾਕਾਤ**

**ਪ੍ਰਸਿੱਧ ਨਾਵਲਕਾਰ ਤੇ ਫ਼ਿਲਮਕਾਰ ਬੂਟਾ ਸਿੰਘ ਸ਼ਾਦ ਨਹੀਂ ਰਹੇ**



# ਗੁਰੂ ਅਰਜਨ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ



ਡਾ. ਧਰਮ ਸਿੰਘ

ਪੰਜਵੇਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਅੰਦਰ ਇਕ ਇਨਕਲਾਬੀ ਮੋੜ ਸੀ। ਇਸ ਸ਼ਹਾਦਤ ਨੇ ਜਿੱਥੇ ਧਾਰਮਿਕ ਕੱਟੜਤਾ ਦੇ ਨਾਂ ’ਤੇ ਮਨੁੱਖੀ ਅੱਤਿਆਚਾਰ ਦੀ ਪ੍ਰਵਿਰਤੀ ਨੂੰ ਸਿਖਰਲੀ ਚੁਣੌਤੀ ਦਿੱਤੀ, ਉਥੇ ਹੀ ਮਾਨਵਤਾ ਨੂੰ ਜਬਰ ਦੇ ਮੁਕਾਬਲੇ ਲਈ ਭੈਅ ਮੁਕਤ ਵੀ ਕੀਤਾ। ਸਿੱਖ ਇਤਿਹਾਸ ਅੰਦਰ ਪੰਜਵੇਂ ਗੁਰੂ ਦੀ ਸ਼ਹਾਦਤ ਇਕ ਕ੍ਰਾਂਤੀਕਾਰੀ ਪੰਨੇ ਵਜੋਂ ਅੰਕਿਤ ਹੈ, ਜਿਸ ਦੀ ਪ੍ਰੇਰਣਾ ਅੱਜ ਵੀ ਹਰ ਸਿੱਖ ਲਈ ਰਾਹ-ਦਸੇਰਾ ਹੈ।

ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਅਕਾਲ ਪੁਰਖ ਦਾ ਭਾਣਾ ਮੰਨਣ ਅਤੇ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰਾਖੀ ਕਰ ਸਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹਿਲ ਦੀਆਂ ਨੀਹਾਂ ਇੰਨੀਆਂ ਪੱਕੀਆਂ ਤੇ ਮਜ਼ਬੂਤ ਕਰ ਦਿੱਤੀਆਂ ਕਿ ਜ਼ੁਲਮ ਦੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ।

ਇਸ ਪਾਵਨ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਹੱਕ-ਸੱਚ ਖ਼ਾਤਰ ਕੁਰਬਾਨ ਹੋਣ ਦੀ ਅਜਿਹੀ ਜਾਚ ਸਿਖਾਈ ਕਿ ਉਨ੍ਹਾਂ ਨੇ ਸ਼ਹਾਦਤਾਂ ਦੀ ਇਕ ਲੰਮੀ ਲੜੀ ਸਿਰਜ ਦਿੱਤੀ। ਸ਼ਹਾਦਤਾਂ ਦੀ ਇਹ ਲੜੀ ਸਿੱਖ ਇਤਿਹਾਸ ਦਾ ਹਾਸਲ ਹੈ।

ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਕਿਸੇ ਉਚੇ-ਸੁੱਚੇ ਉਦੇਸ਼ ਲਈ ਨਿਸ਼ਕਾਮ ਰਹਿ ਕੇ ਕੁਰਬਾਨੀ ਦੇਣ ਵਾਲਾ ਸ਼ਹੀਦ ਅਖਵਾਉਂਦਾ ਹੈ। ਸਿੱਖੀ ਅੰਦਰ ‘ਸ਼ਹਾਦਤ’ ਸ਼ਬਦ ਦੀ ਵਰਤੋਂ ਸੱਚ ਦੀ ਆਵਾਜ਼ ਬੁਲੰਦ ਰੱਖਣ ਲਈ ਦਿੱਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਕੀਤੀ ਜਾਂਦੀ ਹੈ ਅਤੇ ਇਹ ਗਵਾਹੀ ਕੋਈ ਆਮ ਨਹੀਂ, ਸਗੋਂ ਸਮਾਜਕ ਪਰਪੇਖ ਦੇ ਨਾਲ-ਨਾਲ ਰੂਹਾਨੀਅਤ ਨਾਲ ਵੀ ਭਰਪੂਰ ਹੈ। ਸ਼ਹਾਦਤ ਹਮੇਸ਼ਾਂ ਸੱਚ ਵਾਸਤੇ ਹੁੰਦੀ ਹੈ, ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੈ। ਸਿੱਖ ਧਰਮ ਵਿਚ ਸੱਚ ’ਤੇ ਚੱਲਣ ਅਤੇ ਸੱਚ ਖਾਤਰ ਲੋੜ ਪੈਣ ’ਤੇ ਸ਼ਹਾਦਤ ਦੇਣ ਦਾ ਮਾਰਗ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਨੇ ਉਜਾਗਰ ਕੀਤਾ ਸੀ। ਉਨ੍ਹਾਂ ਹੁਕਮ ਕੀਤਾ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਗੁਰੂ ਗ੍ਰੰਥ ਸਾਹਿਬ, ਅੰਗ-1412)

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੇ ਪਹਿਲੇ ਪਾਤਸ਼ਾਹ ਵੱਲੋਂ ਦਰਸਾਏ ਇਸ ਮਾਰਗ ਨੂੰ ਹੋਰ ਪੱਕਿਆਂ ਕੀਤਾ। ਪੰਜਵੇਂ ਪਾਤਸ਼ਾਹ ਦਾ ਸਾਰਾ ਜੀਵਨ ਪਰਉਪਕਾਰ ਤੇ ਉਚੇ ਆਦਰਸ਼ਾਂ ਲਈ ਬਤੀਤ ਹੋਇਆ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਪਹਿਲੀ ਤੇ ਦੁਨੀਆਂ ਦੇ ਇਤਿਹਾਸ ਵਿਚ ਲਾਸਾਨੀ ਤੇ ਬੇਮਿਸਾਲ ਹੈ। ਉਨ੍ਹਾਂ ਦੀ ਸ਼ਹੀਦੀ ਦੇ ਅਸਲ ਕਾਰਨ ਜਹਾਂਗੀਰ ਬਾਦਸ਼ਾਹ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ। ਪੰਜਵੇਂ ਪਾਤਸ਼ਾਹ ਦੇ ਦਿਨੋਂ-ਦਿਨ ਵਧ ਰਹੇ ਤੇਜ ਪ੍ਰਤਾਪ ਨੂੰ ਬਰਦਾਸ਼ਤ ਕਰਨਾ ਤੁਅੱਸਬੀ ਬਾਦਸ਼ਾਹ ਤੇ ਕੱਟੜਪੰਥੀ ਠੇਕੇਦਾਰਾਂ ਲਈ ਮੁਸ਼ਕਲ ਹੋ ਚੁੱਕਾ ਸੀ।

ਪੰਜਵੇਂ ਪਾਤਸ਼ਾਹ ਦੇ ਚੜ੍ਹਦੀ ਕਲਾ, ਬੇਬਾਕ ਬਿਆਨ ਤੇ ਨਿਧੜਕ ਐਲਾਨ ਜਿਥੇ ਉਨ੍ਹਾਂ ਦੇ ਧਰਮ-ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦਾ ਨਿਆਰਾਪਨ, ਕਥਨੀ-ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ ਲਹਿਰ ਦੇ ਅੱਗੇ ਵਧਣ ਦਾ ਸੂਚਕ ਸੀ, ਉਥੇ ਕਰਮਕਾਂਡੀ ਤੁਅੱਸਬੀ ਸ਼ਕਤੀਆਂ ਨੂੰ ਭਾਰੀ ਚੁਣੌਤੀ ਸੀ। ਗੁਰੂ ਘਰ ਪ੍ਰਤੀ ਸੰਗਤ ਵਿਚ ਵਧ ਰਹੀ ਸ਼ਰਧਾ ਬਾਰੇ ਸੁਣਨਾ ਹਾਕਮਾਂ ਨੂੰ ਬਿਲਕੁਲ ਵੀ ਪ੍ਰਵਾਨ ਨਹੀਂ ਸੀ।

ਅਸਲ ਵਿਚ ਜਹਾਂਗੀਰ ਮੌਕੇ ਦੀ ਭਾਲ ਵਿਚ ਸੀ ਕਿ ਉਸ ਨੂੰ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖਤਮ ਕਰ ਦੇਵੇ ਤੇ ਸਿੱਖਾਂ ਦੇ ਗੁਰੂ ਅਰਜਨ ਸਾਹਿਬ ਜੀ ਨੂੰ ਜਾਂ ਤਾਂ ਮੁਸਲਮਾਨ ਬਣਾ ਦੇਵੇ ਜਾਂ ਸ਼ਹੀਦ ਕਰ ਦੇਵੇ।

ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ ‘ਤੁਜ਼ਕੇ ਜਹਾਂਗੀਰੀ’ ਵਿਚ ਵੀ ਕਰਦਾ ਹੈ। ਉਸ ਨੂੰ ਬਹਾਨੇ ਦੀ ਤਲਾਸ਼ ਸੀ ਜੋ ਉਸ ਨੂੰ ਖੁਸਰੋ ਦੀ ਬਗਾਵਤ ’ਚੋਂ ਮਿਲਿਆ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਸਹਾਇਕ ਬਣੇ।

ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ. ਜਿਸ ਤੋਂ ਭਾਵ ਹੈ ਤਸੀਹੇ ਦੇ ਕੇ ਮਾਰਨਾ। ਇਸ ਤਰ੍ਹਾਂ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਨੂੰ ਸ਼ਹੀਦ ਕਰਨ ਸਮੇਂ ਕਈ ਤਰ੍ਹਾਂ ਦੇ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ।

ਜ਼ਾਲਿਮਾਂ ਵੱਲੋਂ ਭਰ ਗਰਮੀ ਦੇ ਮੌਸਮ ਵਿਚ ਗੁਰੂ ਸਾਹਿਬ ਨੂੰ ਉਬਲਦੀ ਦੇਗ਼ ਵਿਚ ਬਿਠਾਇਆ ਗਿਆ, ਤੱਤੀ ਤਵੀ ’ਤੇ ਚੌਂਕੜਾ ਲਵਾਇਆ ਗਿਆ ਅਤੇ ਪਾਵਨ ਸੀਸ ’ਤੇ ਸੜਦੀ-ਬਲ਼ਦੀ ਰੇਤਾ ਪਾਈ ਗਈ। ਸਭ ਸਰੀਰਕ ਕਸ਼ਟਾਂ ਨੂੰ ਬੜੇ ਸਹਿਜ ਵਿਚ ਸਹਾਰਦਿਆਂ ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਗੁਰੂ ਸਾਹਿਬ ਅਡੋਲ ਰਹੇ।

ਇਸ ਤਰ੍ਹਾਂ ਅਨੇਕਾਂ ਤਸੀਹੇ ਦੇ ਕੇ ਸੰਨ 1606 ਈ: ਵਿਚ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਹਾਦਤ ਵਾਲੇ ਸਥਾਨ ’ਤੇ ਰਾਵੀ ਕੰਢੇ ਲਾਹੌਰ ਵਿੱਚ ਗੁਰਦੁਆਰਾ ਡੇਰਾ ਸਾਹਿਬ ਸਥਿਤ ਹੈ।

ਇਸ ਸ਼ਹਾਦਤ ਨੇ ਸਿੱਖ ਕੌਮ ਵਿਚ ਜਬਰ ਵਿਰੁੱਧ ਬਗਾਵਤ ਦਾ ਜੋਸ਼ ਭਰ ਦਿੱਤਾ। ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ‘ਅਕਾਲ ਤਖ਼ਤ’ ਰਚਿਆ। ਛੇਵੇਂ ਪਾਤਸ਼ਾਹ ਵੱਲੋਂ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣਾ, ਸ਼ਸਤਰ ਇਕੱਠੇ ਕਰਨਾ, ਕਿਲ੍ਹੇ ਬਣਵਾਉਣਾ, ਸ਼ਾਹੀ ਫ਼ੌਜ ਦਾ ਡੱਟ ਕੇ ਟਾਕਰਾ ਕਰਨਾ, ਉਨ੍ਹਾਂ ਨੂੰ ਕਰਾਰੀ ਹਾਰ ਦੇਣਾ, ਸੰਤ ਸਿਪਾਹੀ ਬਣਾਉਣਾ, ਇਸ ਸ਼ਹਾਦਤ ਦੇ ਫਲਸਰੂਪ ਹੀ ਅਮਲ ਵਿਚ ਆਏ ਸਨ।

ਇਸ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਸਾਡੇ ਲਈ ਰਾਹ ਦਸੇਰਾ ਹੈ, ਜਿਸ ’ਤੇ ਚੱਲ ਕੇ ਧਰਮ ਦੇ ਸੁਨਹਿਰੀ ਅਸੂਲਾਂ ਦੀ ਖ਼ਾਤਰ ਜਬਰ-ਜ਼ੁਲਮ ਦੇ ਟਾਕਰੇ ਲਈ ਸਦਾ ਤਿਆਰ ਰਹਿਣਾ ਹੈ। ਸੱਚ ਦੀ ਖ਼ਾਤਰ ਸੰਘਰਸ਼ਸ਼ੀਲ ਰਹਿਣਾ ਹੈ ਅਤੇ ਝੂਠ, ਅਨਿਆਂ ਆਦਿ ਦੀ ਜੜ੍ਹ ਪੁੱਟਣ ਲਈ ਕਦੇ ਵੀ ਪਿੱਛੇ ਨਹੀਂ ਹਟਣਾ।

# ਸਿੱਖੀ ਸਿਦਕ ਦਾ ਪ੍ਰਤੀਕ: ਛੋਟਾ ਘੱਲੂਘਾਰਾ

**ਲਖਵਿੰਦਰ ਸਿੰਘ ਰਈਆ ਹਵੇਲੀਆਣਾ**

'ਛੋਟਾ ਘੱਲੂਘਾਰਾ' ਸਿੱਖ ਇਤਿਹਾਸ ਵਿੱਚ ਵਰਤਿਆ ਪਹਿਲਾ ਘੱਲੂਘਾਰਾ ਹੈ। ਸੰਨ 1746 ਦੇ ਆਸ-ਪਾਸ ਦਾ ਸਮਾਂ ਵੀ ਇੱਕ ਅਜਿਹਾ ਸਮਾਂ ਸੀ ਜਿਸ ਦੌਰਾਨ ਸਮੇਂ ਦੀ ਮੁਗ਼ਲ ਸਰਕਾਰ ਨੇ ਸਿੱਖਾਂ ਨੂੰ ਮਾਰ ਮੁਕਾ ਕੇ ਸਿੱਖ ਨਸਲਕੁਸ਼ੀ ਕਰਨ ਦੀ ਠਾਣੀ ਹੋਈ ਸੀ, ਜਿਸ ਲਈ ਹਰ ਹੀਲਾ ਵਰਤਿਆ ਜਾ ਰਿਹਾ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਜਿਊਂਦੇ ਜਾਂ ਮਰੇ ਸਿੱਖ ਦੀ ਲੱਭਤ ਲਈ ਇਨਾਮ ਰੱਖੇ ਜਾ ਚੁੱਕੇ ਸਨ। ਸਿੱਖੀ ਦੀ ਪਛਾਣ ਮਲੀਆਮੇਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਸੀ। 'ਗੁੜ' ਨੂੰ 'ਰੋੜੀ' ਕਹਿਣ ਦੇ ਹੁਕਮ ਦੇ ਦਿੱਤੇ ਗਏ ਸਨ ਤਾਂ ਕਿ 'ਗੁੜ' ਆਖਦਿਆਂ ਲੋਕਾਂ ਦੇ ਮੂੰਹ ਵਿਚੋਂ ਭੁੱਲ ਭੁਲੇਖੇ ਵੀ 'ਗੁਰ/ਗੁਰੂ' ਸ਼ਬਦ ਨਾ ਨਿਕਲ ਜਾਏ।

ਇਸ ਦੇ ਉਚਾਰਨ ਕਰਨ ਵਾਲਿਆਂ ਨੂੰ ਦੰਡਿਤ ਕੀਤਾ ਜਾਣ ਲੱਗਾ ਸੀ। ਅਜਿਹੇ ਕਰੜੇ ਸਮੇਂ ਵੀ ਮੁਗ਼ਲ ਸਰਕਾਰ ਦੇ ਇੰਤਿਹਾ ਦੇ ਵਿਰੁੱਧ ਸਿੱਖਾਂ ਦੀ ਮੁੱਠੀ ਭਰ ਗਿਣਤੀ ਨੇ ਧਰਮ ਯੁੱਧ ਛੇੜਿਆ ਹੋਇਆ ਸੀ। ਜੰਗਲਾਂ ਅਤੇ ਘੋੜਿਆਂ ਦੀਆਂ ਕਾਠੀਆਂ ਨੂੰ ਹੀ ਆਪਣਾ ਵਸੇਬਾ ਬਣਾ ਕੇ ਜਾਂਬਾਜ਼ ਸਿੱਖਾਂ ਨੇ ਗੁਰੀਲੇ ਯੁੱਧ ਅਪਣਾਉਂਦਿਆਂ ਜਾਬਰ ਸਰਕਾਰ ਦੀ ਨਾਸੀਂ ਧੂੰਆਂ ਲਿਆਂਦਾ ਹੋਇਆ ਸੀ।

ਭਾਈ ਬੋਤਾ ਸਿੰਘ ਤੇ ਗਰਜ਼ਾ ਸਿੰਘ ਦੋ ਅਣਖੀ ਸੂਰੇ ਜਾਬਰ ਨੂੰ ਵੰਗਾਰਦੇ ਤੇ ਇੱਕ ਵੱਡੀ ਫ਼ੌਜ ਨਾਲ ਭਿੜਦੇ ਹੋਏ ਵੀਰਗਤੀ ਪ੍ਰਾਪਤ ਕਰ ਚੁੱਕੇ ਸਨ। ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਦੀ ਮੌਤ ਪਿੱਛੋਂ ਉਸ ਦੇ ਉੱਤਰ ਅਧਿਕਾਰੀਆਂ ਵਿੱਚ ਛਿੜੀ ਖਾਨਾਜੰਗੀ ਦਾ ਫਾਇਦਾ ਉਠਾਉਂਦੇ ਸਿੱਖ ਲਾਹੌਰ ਦੇ ਆਸ ਪਾਸ ਕਬਜ਼ਾ ਕਰਨ ਦੇ ਯਤਨ ਵਜੋਂ ਜੰਗਲਾਂ ਤੋਂ ਬਾਹਰ ਆਉਣ ਲੱਗੇ।

ਇਸ ਦੀ ਕਨਸੋਅ ਜਦ ਯਹੀਆਂ ਖਾਨ ਨੂੰ ਮਿਲੀ ਤਾਂ ਉਸ ਨੇ ਵੀ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਬੀੜਾ ਉਠਾ ਲਿਆ ਅਤੇ ਉਸ ਦੇ ਦੀਵਾਨ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਜੋ ਐਮਨਾਬਾਦ ਦਾ ਸਿਪਾਹ ਸਲਾਰ (ਫ਼ੌਜਦਾਰ) ਸੀ, ਨੂੰ ਸਿੱਖਾਂ ਉਤੇ ਹਮਲਾ ਕਰਨ ਲਈ ਭੇਜਿਆ। ਅੱਗੋਂ ਸਿੱਖਾਂ ਨੇ ਇਸ ਹਮਲਾਵਾਰ ਫ਼ੌਜ ਨੂੰ ਚੰਗੇ ਚਨੇ ਚਬਾਏ।

ਭਾਈ ਨਿਬਾਹੂ ਸਿੰਘ ਨੇ ਦਲੇਰੀ ਵਰਤਦਿਆਂ ਹਾਥੀ 'ਤੇ ਸੱਜ-ਧੱਜ ਕੇ ਸਵਾਰ ਹੋਏ ਜਸਪਤ ਰਾਏ ਦੇ ਧੜ ਨਾਲੋਂ ਸਿਰ ਅਲੱਗ ਕਰਕੇ ਮਾਰ ਮੁਕਾਇਆ। ਜਸਪਤ ਰਾਏ ਦੀ ਮੌਤ ਦੀ ਖ਼ਬਰ ਸੁਣ ਕੇ ਉਸ ਦਾ ਭਰਾ ਲਖਪਤ ਰਾਏ ਅੱਗ ਬਬੂਲਾ ਹੋ ਉਠਿਆ ਅਤੇ ਉਸ ਨੇ ਪ੍ਰਣ ਕੀਤਾ ਕਿ ਆਪਣੇ ਭਰਾ



ਦੀ ਮੌਤ ਦਾ ਬਦਲਾ ਲੈਣ ਤੱਕ ਨਾ ਹੀ ਸਿਰ ਉਤੇ ਪਗੜੀ ਬੰਨ੍ਹੇਗਾ ਤੇ ਨਾ ਹੀ ਆਪਣੇ ਆਪ ਨੂੰ ਖੱਤਰੀ ਸਦਾਏਗਾ।

ਇਸ ਬਾਬਤ ਪੰਥ ਪ੍ਰਕਾਸ਼ ਵਿੱਚ ਇੰਜ ਵਰਨਣ ਮਿਲਦਾ ਹੈ:-'ਜਬ ਸਿੰਘੋਂ ਨੇ ਜਸਪਤ ਮਾਰਾ।ਲੁਟਿਓ ਏਮਨਾਬਾਦ ਨਿਹਾਰਾ।ਲਖਪਤ ਜਾਇ ਬਿਜੇ ਖਾਂ ਪਾਸ।ਪਗੜੀ ਸਿਰੋਂ ਉਤਾਰੀ ਖਾਸ।ਕਸਮ ਉਠਾਇ ਕਹਯੋ ਇਮ ਖੀਜ।ਮੈਂ ਜਬ ਲੌ ਸਿੰਘਹਿ ਨਿਰਬੀਜ।ਨਹਿ ਕਰ ਲੈਹੋ, ਤਬ ਲੌ ਜਾਣ।ਪਗੜੀ ਧਰਨੀ ਸਿਰ ਮੁਹਿ ਆਣ।

'ਇਸ ਤਰ੍ਹਾਂ ਭਰੇ ਪੀਤੇ ਅਤੇ ਗੁੱਸੇ ਵਿੱਚ ਹੋਏ ਲੋਹੇ ਲਾਖੇ ਲਖਪਤ ਰਾਇ ਨੇ ਇੱਕ ਵੱਡੀ ਫ਼ੌਜ (ਜੋ ਸਮੇਂ ਦੇ ਖਤਰਨਾਕ ਹਥਿਆਰਾਂ ਤੇ ਤੋਪਾਂ ਆਦਿ ਨਾਲ ਲੈਸ ਸੀ) ਨੂੰ ਲੈ ਕੇ ਸਿੱਖਾਂ ਉਤੇ ਹਮਲੇ ਲਈ ਤੁਰ ਪਿਆ। ਰਾਹ ਵਿਚ ਜੋ ਵੀ ਸਿੱਖ ਨਜ਼ਰੀਂ ਚੜ੍ਹਦਾ, ਉਸ ਨੂੰ ਮਾਰ ਮੁਕਾਉਂਦਾ ਹੋਇਆ ਅੱਗੇ ਵਧਦਾ ਆ ਰਿਹਾ ਸੀ। ਇਸ ਦੀ ਖ਼ਬਰ ਜਦ ਸਿੱਖਾਂ ਨੂੰ ਲੱਗੀ ਤਾਂ ਉਨ੍ਹਾਂ ਨੇ ਆਪਣੀ ਰਣਨੀਤੀ ਤਹਿਤ ਕਾਹਨੂੰਵਾਨ ਦੀ ਝੱਲ/ਛੰਭ/ਜੰਗਲਾਂ ਵੱਲ ਰੁਖ ਕਰ ਲਿਆ।

**ਰਾਵੀ ਵੀ ਭਰ ਜੋਬਨ ਵਿੱਚ ਵਹਿ ਰਹੀ ਸੀ। ਰਾਸ਼ਨ ਤੇ ਹਥਿਆਰਾਂ ਦੀ ਵੀ ਕਮੀ ਹੋ ਚੁੱਕੀ ਸੀ। ਭਾਵ ਇਹ ਸਿੱਖ ਵਹੀਰ ਸੰਕਟ ਵਿੱਚ ਪੂਰੀ ਤਰ੍ਹਾਂ ਘਿਰ ਚੁੱਕੀ ਸੀ। ਭੁੱਖਣ ਭਾਣੇ ਸਿੱਖ ਫਿਰ ਵੀ ਇਸ ਬਿਪਤਾ ਦੀ ਘੜੀ ਵਿੱਚ ਸਿਰੜ ਕਾਇਮ ਰੱਖ ਕੇ ਟਾਕਰਾ ਜ਼ਰੂਰ ਕਰ ਰਹੇ ਸਨ, ਪਰ ਹਮਲਾਵਰ ਫ਼ੌਜ ਭਾਰੂ ਪੈ ਗਈ।**

ਹਮਲਾਵਰ ਫੌਜ ਦੇ ਨੇੜੇ ਢੁੱਕਣ ਉਤੇ ਸਿੱਖਾਂ ਆਪਣੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਉਨ੍ਹਾਂ ਦੁਆਲੇ 'ਰੱਖਿਆ ਚੱਕਰ' ਬਣਾ ਲਿਆ। ਨਾਲ ਨਾਲ ਹਮਲਾਵਰ ਦੁਸ਼ਮਣ ਦਾ ਟਾਕਰਾ ਕਰਦੀ ਹੋਈ ਇਹ ਸਿੱਖ ਵਹੀਰ ਹਿਮਾਲਿਆ ਦੇ ਜੰਗਲਾਂ ਵੱਲ ਪਿੱਛੇ ਹੱਟਦੀ ਰਹੀ, ਪਰ ਪਹਾੜਾਂ ਦੀ ਤਿੱਖੀ ਚੜ੍ਹਾਈ ਕੰਧ ਬਣ ਗਈ ਤੇ ਪਹਾੜੀ ਰਾਜਿਆਂ ਦੀ ਹੱਦਬੰਦੀ ਸ਼ੁਰੂ ਹੋ ਗਈ। ਉਧਰ ਮੁਗ਼ਲ ਸਰਕਾਰ ਦਾ ਫਰਮਾਨ ਜਾਰੀ ਹੋ ਚੁੱਕਾ ਸੀ ਕਿ ਪਹਾੜੀ ਰਾਜੇ ਸਿੱਖਾਂ ਦੀ ਹਰਗਿਜ਼ ਵੀ ਕਿਸੇ ਤਰ੍ਹਾਂ ਦੀ ਮਦਦ ਨਾ ਕਰਨ। ਵੈਸੇ ਵੀ ਇਹ ਪਹਾੜੀ ਰਾਜੇ ਵੀ ਕਰੀਬ ਮੁੱਢ-ਕਦੀਮ ਤੋਂ ਸਿੱਖੀ ਨਾਲ ਖਾਰ ਹੀ ਖਾਂਦੇ ਆ ਰਹੇ ਸਨ। ਇਸ ਵਕਤ ਵੀ ਸਿੱਖਾਂ ਪ੍ਰਤੀ ਉਨ੍ਹਾਂ ਦੀ ਵਿਰੋਧਤਾ ਵੀ ਕਾਫੀ ਭਾਂਬਲ ਉਠੀ ਸੀ।

ਰਾਵੀ ਵੀ ਭਰ ਜੋਬਨ ਵਿੱਚ ਵਹਿ ਰਹੀ ਸੀ। ਰਾਸ਼ਨ ਤੇ ਹਥਿਆਰਾਂ ਦੀ ਵੀ ਕਮੀ ਹੋ ਚੁੱਕੀ ਸੀ। ਭਾਵ ਇਹ ਸਿੱਖ ਵਹੀਰ ਸੰਕਟ ਵਿੱਚ ਪੂਰੀ ਤਰ੍ਹਾਂ ਘਿਰ ਚੁੱਕੀ ਸੀ। ਭੁੱਖਣ ਭਾਣੇ ਸਿੱਖ ਫਿਰ ਵੀ ਇਸ ਬਿਪਤਾ ਦੀ ਘੜੀ ਵਿੱਚ ਸਿਰੜ ਕਾਇਮ ਰੱਖ ਕੇ ਟਾਕਰਾ ਜ਼ਰੂਰ ਕਰ ਰਹੇ ਸਨ, ਪਰ ਹਮਲਾਵਰ ਫੌਜ ਭਾਰੂ ਪੈ ਗਈ।

ਉਸ ਨੇ ਸੁਰੱਖਿਆ ਘੇਰਾ ਤੋੜ ਕੇ ਬੱਚਿਆਂ ਤੇ ਬਜ਼ੁਰਗਾਂ ਦਾ ਭਾਰੀ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਥੋੜ੍ਹੇ-ਬਹੁਤ ਬਚੇ-ਖੁਚੇ ਸਿੱਖ ਬਿਖੜੇ ਪੈਂਡੇ ਤੈਅ ਕਰਦੇ ਹੋਏ ਬਿਆਸ ਤੇ ਫਿਰ ਸਤਲੁਜ ਦਰਿਆ ਪਾਰ ਕਰਕੇ ਲੱਖੀ ਜੰਗਲਾਂ (ਮਾਲਵੇ) ਵੱਲ ਨਿਕਲ ਗਏ ਅਤੇ ਹਲੇਮੀ ਰਾਜ ਦੀ ਸਥਾਪਨਾ ਲਈ ਫਿਰ ਤੋਂ ਜਦੋਜਹਿਦ ਆਰੰਭਣ ਲਈ ਵਿਉਂਤ ਬੰਦੀਆਂ ਕਰਨ ਵਿੱਚ ਜੁਟ ਗਏ।

ਇਤਿਹਾਸ ਅਨੁਸਾਰ ਸਿੱਖ ਇਤਿਹਾਸ ਵਿੱਚ ਵਾਪਰੇ ਇਸ ਕਤਲੋ-ਗਾਰਦ ਵਿੱਚ ਕਰੀਬ 7 ਹਜ਼ਾਰ ਸ਼ਹੀਦ ਹੋਏ ਤੇ 3 ਹਜ਼ਾਰ ਦੇ ਕਰੀਬ ਕੈਦ ਕਰਕੇ ਦਿੱਲੀ ਗੇਟ ਲਾਹੌਰ ਲਿਜਾ ਕੇ ਸਮੂਹਿਕ ਤੌਰ 'ਤੇ ਕਤਲ ਕਰ ਦਿੱਤੇ ਗਏ। ਇਹ ਸ਼ਹੀਦੀ ਸਥਾਨ 'ਸ਼ਹੀਦਗੰਜ' ਲਾਹੌਰ ਵਿਖੇ ਸਥਿਤ ਹੈ। ਜਰਵਾਣੇ ਵੱਲੋਂ ਢਾਹੇ ਇਸ ਖ਼ੂਨੀ ਕਹਿਰ ਨੂੰ ਸਿੱਖ ਇਤਿਹਾਸ ਵਿੱਚ 'ਛੋਟਾ ਘੱਲੂਘਾਰਾ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸ ਖ਼ੂਨੀ ਸਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ ਇੱਕ ਆਲੀਸ਼ਾਨ ਯਾਦਗਾਰ ਦੇ ਰੂਪ ਵਿੱਚ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਿਖੇ 'ਛੋਟਾ ਘੱਲੂਘਾਰਾ' ਗੁਰਦੁਆਰਾ ਸੁਸ਼ੋਭਿਤ ਹੈ।

## ਇਟਲੀ ਦੀ ਆਜ਼ਾਦੀ 'ਚ 8500 ਸਿੱਖ ਫ਼ੌਜੀਆਂ ਨੇ ਦਿੱਤੀ ਸ਼ਹਾਦਤ-ਮੇਅਰ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਇਟਲੀ ਦੇ ਸ਼ਹਿਰ ਲੁਸਾਰਾ (ਰੇਜੋਈਮੀਲੀਆ) ਵਿਖੇ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ), ਇਟਲੀ ਅਤੇ ਕਮੂਨੇ ਦੀ ਲੁਸਾਰਾ ਵਲੋਂ ਮਿਲ ਕੇ ਇਟਲੀ ਦਾ ਆਜ਼ਾਦੀ ਦਿਵਸ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੀ ਸ਼ੁਰੂਆਤ ਲੁਸਾਰੇ ਸ਼ਹਿਰ ਤੋਂ ਅਰਦਾਸ ਕਰ ਕੇ ਵੱਖ-ਵੱਖ ਪਿੰਡਾਂ ਨੂੰ ਰਵਾਨਾ ਹੋਏ ਮਾਰਚ ਨਾਲ ਹੋਈ, ਜੋ ਕਿ ਕੋਦੀ ਸੋਤੋ, ਕਾਸੋਨੀ ਬੀਲਾ ਰੋਤਾ ਹੁੰਦਾ ਹੋਇਆ ਵਾਪਸ ਲੁਸਾਰਾ ਪਹੁੰਚਿਆ, ਜਿੱਥੇ ਸ਼ਹਿਰ ਦੇ ਮੇਅਰ ਏ ਸਾਤੋਲੀ ਅਤੇ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਨੇ ਮਿਲ ਕੇ ਸ਼ਹੀਦਾਂ ਨੂੰ ਸ਼ਰਧਾਂਲੀ ਭੇਟ ਕੀਤੀ। ਇਸ ਮੌਕੇ ਸ਼ਹਿਰ ਦੀ ਮੇਅਰ ਨੇ ਆਪਣੇ ਭਾਸ਼ਣ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਾਂ ਦਾ ਇਟਲੀ ਨੂੰ ਆਜ਼ਾਦੀ ਦਿਵਾਉਣ 'ਚ ਬਹੁਤ ਵੱਡਾ ਯੋਗਦਾਨ ਹੈ। ਪੂਰੀ ਇਟਲੀ 'ਚ ਆਜ਼ਾਦੀ ਦਿਵਾਉਣ ਲਈ 8500 ਸਿੱਖ ਫੌਜੀਆਂ ਨੇ ਸ਼ਹੀਦੀਆਂ ਦਿੱਤੀਆਂ। ਸਾਨੂੰ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਮਾਗਮ ਦੌਰਾਨ ਆਈਆਂ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਸਿੱਖ ਫੌਜੀਆਂ ਦੀ ਯਾਦਗਾਰ ਵਾਲੇ ਕੈਲੰਡਰ ਬਾਰੇ ਜਾਣਕਾਰੀ ਦਿੱਤੀ ਗਈ।

## ਹਰਜਿੰਦਰ ਸਿੰਘ ਕੰਗ ਦੱਖਣ ਏਸ਼ੀਆਈ ਖੇਤਰ ਦੇ ਬਰਤਾਨਵੀ ਵਪਾਰਕ ਕਮਿਸ਼ਨਰ ਬਣੇ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਹਰਜਿੰਦਰ ਸਿੰਘ ਕੰਗ ਦੱਖਣੀ ਏਸ਼ੀਆਈ ਖੇਤਰ ਲਈ ਬਰਤਾਨੀਆ ਦੇ ਵਪਾਰਕ ਕਮਿਸ਼ਨਰ ਥਾਪੇ ਗਏ ਹਨ ਅਤੇ ਨਾਲ ਹੀ ਉਹ ਪੱਛਮੀ ਭਾਰਤ ਲਈ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਵਜੋਂ ਵੀ ਸੇਵਾਵਾਂ ਨਿਭਾਉਣਗੇ। ਉਨ੍ਹਾਂ ਦੀ ਨਿਯੁਕਤੀ ਮਈ 2023 'ਚ ਹੋਈ ਸੀ। ਉਹ ਗੋਆ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ 'ਚ ਬਤੌਰ ਡਿਪਟੀ ਹਾਈ ਕਮਿਸ਼ਨਰ ਦੇ ਕੰਮ ਕਾਜ ਵੇਖਣਗੇ।

ਨਿਯੁਕਤੀ ਤੋਂ ਪਹਿਲਾਂ ਹਰਜਿੰਦਰ ਸਿੰਘ ਕੰਗ ਯੂ.ਕੇ.-ਇੰਡੀਆ ਮੁਕਤ ਵਪਾਰ ਸਮਝੌਤੇ (ਐਫ. ਟੀ. ਏ.) ਲਈ ਯੂ. ਕੇ. ਦੇ ਮੁੱਖ ਵਾਰਤਾਕਾਰ ਸਨ। ਇਸ ਦੇ ਨਾਲ ਹੀ ਉਨ੍ਹਾਂ ਬੌਧਿਕ ਸੰਪੱਤੀ, ਸਰਕਾਰੀ ਖਰੀਦ ਅਤੇ ਕੋਰ ਟੈਕਸਟ ਦੇ ਖੇਤਰਾਂ 'ਚ ਵਪਾਰ ਨੀਤੀ ਦੇ ਨਿਰਦੇਸ਼ਕ ਵਜੋਂ ਕੰਮ ਕੀਤਾ। ਉਹ ਪਹਿਲਾਂ ਹੈਲਥਕੇਅਰ, ਲਾਈਫ ਸਾਇੰਸਿਜ਼, ਅਤੇ ਬਾਇਓ ਇਕਨਾਮੀ ਦੇ ਡਾਇਰੈਕਟਰ ਵਜੋਂ ਅੰਤਰਰਾਸ਼ਟਰੀ ਵਪਾਰ ਵਿਭਾਗ 'ਚ ਸੇਵਾ ਕਰ ਚੁੱਕੇ ਹਨ।

## ਸਿੱਖਾਂ ਦਾ ਅਕਸ ਵਿਗਾੜਨ ਵਾਲੀ ਹੈ ਬਰਤਾਨੀਆ ਦੀ 'ਬਲੂਮ ਰਿਵਿਊ' ਰਿਪੋਰਟ: ਡਾ: ਸੰਘਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਬਰਤਾਨੀਆਂ ਦੀ ਸੱਤਾਧਾਰੀ ਕੰਜ਼ਰਵਟਿਵ ਪਾਰਟੀ ਦੇ ਧਾਰਮਿਕ ਅਤੇ ਘੱਟ ਗਿਣਤੀਆਂ ਬਾਰੇ ਸਲਾਹਕਾਰ ਕੌਲਿਨ ਬਲੂਮ ਵਲੋਂ ਤਿਆਰ ਕੀਤੀ 'ਬਲੂਮ ਰਿਵਿਊ' ਰਿਪੋਰਟ 'ਚ ਸਿੱਖਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ 'ਚ ਸਿੱਖਾਂ ਬਾਰੇ ਲਿਖਦਿਆਂ 6ਵੇਂ ਅਧਿਆਏ ਦੇ 7ਵੇਂ ਭਾਗ ਨੂੰ ਸਿੱਖ ਅੱਤਵਾਦ ਦਾ ਨਾਮ ਦਿੱਤਾ ਗਿਆ ਹੈ।

ਜਿਸ ਨੂੰ ਲੈ ਕੇ ਸਿੱਖਾਂ ਅੰਦਰ ਭਾਰੀ ਰੋਸ ਹੈ। ਰਿਪੋਰਟ ਸੰਬੰਧੀ ਗੱਲ ਕਰਦਿਆਂ ਡਾ: ਸੁਜਿੰਦਰ ਸਿੰਘ ਸੰਘਾ ਓ. ਬੀ. ਈ. ਨੇ ਕਿਹਾ ਕਿ 157 ਸਫਿਆਂ ਦੀ ਇਹ ਰਿਪੋਰਟ 'ਚੋਂ 12 ਸਫਿਆਂ 'ਤੇ ਸਿਰਫ ਸਿੱਖਾਂ ਬਾਰੇ ਹੀ ਗੱਲ ਕੀਤੀ ਗਈ ਹੈ।

ਸਿੱਖਾਂ ਬਾਰੇ ਕੁਝ ਪਹਿਲੂ ਗੁਣਾਂ, ਸੇਵਾਵਾਂ ਅਤੇ ਬਰਤਾਨਵੀ ਅਰਥਚਾਰੇ 'ਚ ਯੋਗਦਾਨ ਬਾਰੇ ਵੀ ਰਿਪੋਰਟ 'ਚ ਜਿੱਥੇ ਦਰਜ ਹੈ, ਉੱਥੇ ਹੀ ਖਾਲਿਸਤਾਨੀ ਸਿੱਖਾਂ ਬਾਰੇ ਠੋਸ ਤੱਥਾਂ ਅਤੇ ਸਬੂਤਾਂ ਬਿਨਾ ਹੀ ਕਾਫੀ ਘ੍ਰਿਣਾਤਮਕ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਡਾ: ਸੰਘਾ ਨੇ ਕਿਹਾ ਕਿ ਇਸ ਰਿਪੋਰਟ ਦੇ ਪ੍ਰਭਾਵ ਵੱਡੀਆਂ ਅਸਾਮੀਆਂ, ਰੁਤਬਿਆਂ, ਕਾਰੋਬਾਰਾਂ ਅਤੇ ਨੌਕਰੀਆਂ ਤੱਕ ਪੁੱਜਣ ਵਾਲੇ ਸਿੱਖਾਂ ਸਬੰਧੀ ਨੁਕਸਾਨਦੇਹ ਹੋ ਸਕਦੇ ਹਨ।

## ਪਾਕਿ ਦਾ ਐਮ.ਪੀ.ਏ. ਮਹਿੰਦਰਪਾਲ ਸਿੰਘ ਵਿਸ਼ਵ ਦੀਆਂ 100 ਸਭ ਤੋਂ ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ 'ਚ ਸ਼ਾਮਿਲ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪਾਕਿਸਤਾਨ ਦੀ ਪੰਜਾਬ ਸੂਬਾਈ ਅਸੈਂਬਲੀ 'ਚ ਘੱਟ ਗਿਣਤੀ ਮਾਮਲਿਆਂ ਦੇ ਸਾਬਕਾ ਸੰਸਦੀ ਸਕੱਤਰ ਅਤੇ ਮੈਂਬਰ ਸੂਬਾਈ ਅਸੈਂਬਲੀ ਰਹੇ ਮਹਿੰਦਰਪਾਲ ਸਿੰਘ ਨੂੰ ਵਿਸ਼ਵ ਦੀਆਂ 100 ਸਭ ਤੋਂ ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ 'ਚ ਸ਼ਾਮਿਲ ਕੀਤਾ ਗਿਆ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਕੌਮਾਂਤਰੀ ਸਿੱਖ ਜਥੇਬੰਦੀ ਵਲੋਂ 'ਦੀ ਸਿੱਖ 100.ਕਾਮ' ਦਾ 11ਵਾਂ ਐਡੀਸ਼ਨ ਜਾਰੀ ਕੀਤਾ ਗਿਆ। ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਹਰ ਸਾਲ ਦੁਨੀਆ ਦੇ 2 ਕਰੋੜ 70 ਲੱਖ ਸਿੱਖਾਂ 'ਚੋਂ 100 ਨੂੰ ਕਾਰੋਬਾਰ, ਸਿੱਖਿਆ, ਰਾਜਨੀਤੀ, ਮੀਡੀਆ, ਮਨੋਰੰਜਨ, ਖੇਡਾਂ ਅਤੇ ਚੈਰਿਟੀ ਸਮੇਤ ਜੀਵਨ ਦੇ ਸਾਰੇ ਖੇਤਰਾਂ ਤੋਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਜੋਂ ਸ਼ਾਮਿਲ ਕੀਤਾ ਜਾਂਦਾ ਹੈ। ਸੂਚੀ ਵਿਚਲੇ ਸਾਰੇ ਪ੍ਰੋਫਾਈਲਾਂ ਨੂੰ ਸਿਰਫ਼ ਮੈਰਿਟ 'ਤੇ ਚੁਣਿਆ ਗਿਆ ਹੈ ਅਤੇ ਚੋਣ ਪ੍ਰਕਿਰਿਆ ਦਾ ਵੇਰਵਾ ਵੈੱਬਸਾਈਟ 'ਤੇ ਦਿੱਤਾ ਗਿਆ ਹੈ।

## ਕੈਨੇਡਾ 'ਚ ਅੰਗਰੇਜ਼ ਸਵਾਰ ਵਲੋਂ ਪੰਜਾਬੀ ਉਬਰ ਡਰਾਈਵਰ 'ਤੇ ਹਮਲਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਐਬਟਸਫੋਰਡ ਨਿਵਾਸੀ ਪੰਜਾਬੀ ਉਬਰ ਡਰਾਈਵਰ ਅਮਨ ਸੂਦ 'ਤੇ ਗੋਰੇ ਸਵਾਰ ਵਲੋਂ ਅਚਾਨਕ ਹਮਲਾ ਕਰ ਦਿੱਤਾ ਗਿਆ।

ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ।ਅਮਨ ਸੂਦ ਨੇ ਦੱਸਿਆ ਕਿ ਉਸ ਨੇ ਸਵੇਰੇ 6.39 ਵਜੇ ਐਬਟਸਫੋਰਡ ਦੇ ਪਲੈਨਟ ਫਿਟਨੈੱਸ ਦੇ ਨੇੜਿਓ ਵਿਲੀਅਮ ਨਾਂਅ ਦੇ ਗੋਰੇ ਸਵਾਰ ਨੂੰ ਆਪਣੀ ਉਬਰ 'ਚ ਬਿਠਾਇਆ ਸੀ ਤੇ ਵਿਲੀਅਮ ਵਲੋਂ ਦੱਸੇ ਗਏ ਰਸਤੇ ਅਨੁਸਾਰ ਜਦੋਂ ਉਹ ਹਾਈਵੇ ਤੋਂ ਸੱਜੇ ਪਾਸੇ ਮੁੜਿਆ ਤਾਂ ਉਸ ਨੇ ਗਾਲ ਦੇ ਕੇ ਮੰਦਾ ਬੋਲਣਾ ਸ਼ੁਰੂ ਕਰ ਦਿੱਤਾ ਤਾਂ ਕੁਝ ਦੂਰ ਜਾ ਕੇ ਜਦੋਂ ਉਹ ਨਾ ਹਟਿਆ ਤਾਂ ਉਸ ਨੇ ਆਪਣੀ ਉਬਰ ਇਕ ਪੈਟਰੋਲ ਪੰਪ 'ਤੇ ਖੜ੍ਹੀ ਕਰ ਲਈ, ਜਿੱਥੇ ਗੁੱਸੇ 'ਚ ਅੱਗ ਬਬੂਲਾ ਹੋਏ ਵਿਲੀਅਮ ਨੇ ਉਸ 'ਤੇ ਹਮਲਾ ਕਰ ਦਿੱਤਾ।

# ਲਾਹੌਰ 'ਚ ਪਰਮਜੀਤ ਸਿੰਘ ਪੰਜਵੜ ਦਾ ਕੀਤਾ ਸਸਕਾਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਲੰਘੇ ਦਿਨ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਬੰਦੂਕਧਾਰੀਆਂ ਵਲੋਂ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਜੌਹਰ ਟਾਊਨ 'ਚ ਮਾਰੇ ਗਏ ਖਾੜਕੂ ਲਹਿਰ ਦੇ ਮੋਢੀ ਪਰਮਜੀਤ ਸਿੰਘ ਪੰਜਵੜ ਦਾ ਲਾਹੌਰ 'ਚ ਦਰਿਆ ਰਾਵੀ ਨੇੜੇ ਬੰਦ ਰੋਡ 'ਤੇ ਬਾਬੂ ਸਾਬੂ ਆਬਾਦੀ ਵਿਚਲੇ ਬਣੇ ਸ਼ਮਸ਼ਾਨਘਾਟ 'ਚ ਸਸਕਾਰ ਕਰ ਦਿੱਤਾ ਗਿਆ। ਪਰਮਜੀਤ ਸਿੰਘ ਪੰਜਵੜ ਦੇ ਸਸਕਾਰ ਮੌਕੇ ਪਾਕਿਸਤਾਨੀ ਸਿੱਖ ਆਗੂ ਤੇ ਗੁਰਦੁਆਰਾ ਸਿੰਘ ਸਿੰਘਣੀਆਂ ਦੇ ਗ੍ਰੰਥੀ ਰਣਜੀਤ ਸਿੰਘ ਰਾਜਸਥਾਨੀ ਸ਼ਾਮਿਲ ਹੋਏ।

ਸਸਕਾਰ ਤੋਂ ਪਹਿਲਾਂ ਅੰਤਿਮ ਅਰਦਾਸ ਗ੍ਰੰਥੀ ਰਣਜੀਤ ਸਿੰਘ ਨੇ ਕੀਤੀ। ਇਹ ਵੀ ਪਤਾ ਲੱਗਾ ਹੈ ਕਿ ਪੰਜਵੜ ਦੇ ਕਤਲ ਦੇ ਸੰਬੰਧ 'ਚ ਲਾਹੌਰ 'ਚ ਅਣਪਛਾਤੇ ਹਮਲਾਵਰਾਂ ਖ਼ਿਲਾਫ਼ ਐਫ. ਆਈ. ਆਰ. ਦਰਜ ਕਰਵਾਈ ਗਈ ਹੈ। ਭਾਵੇਂ ਕਿ ਲੰਘੇ ਦਿਨ ਲਹਿੰਦੇ ਪੰਜਾਬ ਦੇ ਕੇਅਰ ਟੇਕਰ ਮੁੱਖ ਮੰਤਰੀ ਮੋਹਸਿਨ ਨਕਵੀ ਵਲੋਂ ਇੰਸਪੈਕਟਰ ਜਨਰਲ ਪੁਲਿਸ ਪੰਜਾਬ ਤੋਂ ਪੰਜਵੜ ਅਤੇ ਉਸ ਦੇ ਗੰਨਮੈਨ 'ਤੇ ਹੋਏ ਹਮਲੇ ਬਾਰੇ ਤੁਰੰਤ ਰਿਪੋਰਟ ਮੰਗੀ ਗਈ ਸੀ, ਜਦਕਿ ਅੱਜ ਇਸ ਬਾਰੇ 'ਚ ਪਾਕਿ ਨੇ ਅਧਿਕਾਰਕ ਜਾਂ ਗ਼ੈਰ-ਅਧਿਕਾਰਕ ਤੌਰ 'ਤੇ ਕਿਸੇ ਤਰ੍ਹਾਂ ਦੀ ਕੋਈ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ।



ਪੰਥ ਸੇਵਕ ਸ਼ਖਸ਼ੀਅਤਾਂ ਵੱਲੋਂ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਕਿ ਪਰਮਜੀਤ ਸਿੰਘ ਪੰਜਵੜ੍ਹ ਦੀ ਸ਼ਹਾਦਤ ਸੰਘਰਸ਼ ਦੇ ਪਾਂਧੀਆਂ ਲਈ ਪ੍ਰੇਰਨਾ ਸਰੋਤ ਬਣੇਗੀ।

# ਸਿੱਧੂ ਮੂਸੇਵਾਲਾ ਦੇ ਪਿਤਾ ਨੇ ਫਿਰ ਕੀਤੀ 'ਝਾੜੂ' ਨੂੰ ਵੋਟ ਨਾ ਪਾਉਣ ਦੀ ਅਪੀਲ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਜਲੰਧਰ ਉਪ ਚੋਣ 'ਚ 'ਆਪ' ਸਰਕਾਰ ਖ਼ਿਲਾਫ਼ ਪ੍ਰਚਾਰ ਕਰਨ ਉਪਰੰਤ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੇ ਗ੍ਰਹਿ ਪਿੰਡ ਮੂਸਾ ਵਿਖੇ ਪੁੱਤਰ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਾਲ ਭਰ ਤੋਂ ਪੁੱਤਰ ਦੀ ਹੱਤਿਆ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਦਰ-ਦਰ ਭਟਕ ਰਹੇ ਹਨ ਪਰ ਕਿਤੇ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਕਲ ਟਿਕਾਣੇ ਲਿਆਉਣ ਲਈ ਝਾੜੂ ਨੂੰ ਵੋਟ ਨਾ ਪਾਇਓ ਤਾਂ ਜੋ ਪਤਾ ਲੱਗ ਸਕੇ ਕਿ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਖ਼ੁਸ਼ ਹਨ।

ਬਲਕੌਰ ਸਿੰਘ ਨੇ ਸਵਾਲ ਕਰਦਿਆਂ ਕਿਹਾ ਕਿ ਕਤਲ ਕਾਂਡ 'ਚ ਜੋ ਵਿਅਕਤੀ ਫੜੇ ਗਏ ਹਨ, ਉਹ ਸ਼ੂਟਰ, ਸਾਜਿਸ਼ਘਾੜੇ ਕੌਣ ਹਨ? ਇਸ ਸਬੰਧੀ ਸੂਬਾ ਸਰਕਾਰ ਜਵਾਬ ਦੇਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਕਿਸੇ ਪਾਰਟੀ ਵਿਸ਼ੇਸ਼ ਨਾਲ ਕੋਈ ਸਬੰਧ ਨਹੀਂ, ਉਹ ਸਿਰਫ਼ ਆਪਣੇ ਪੁੱਤਰ ਦੀ ਹੱਤਿਆ ਮਾਮਲੇ 'ਚ ਇਨਸਾਫ਼ ਲੈਣ ਲਈ ਜਲੰਧਰ ਗਏ ਸਨ। ਉਨ੍ਹਾਂ 'ਆਪ' ਦੇ ਮੰਤਰੀਆਂ ਵਲੋਂ ਕੀਤੀਆਂ ਜਾ ਰਹੀਆਂ ਬੇਤੁਕੀਆਂ ਬਿਆਨਬਾਜ਼ੀਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਜਿਸ ਘਰ 'ਚ ਜਵਾਨ ਪੁੱਤ ਦੀ ਮੌਤ ਦਾ ਸੱਥਰ ਵਿੱਛਿਆ ਹੋਵੇ, ਉਹ ਪਰਿਵਾਰ ਸਿਆਸਤ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਝੂਠੇ ਪ੍ਰਚਾਰ ਕਰ ਕੇ ਬਣੀ 'ਆਪ' ਸਰਕਾਰ ਦਾ ਅੰਤ ਵੀ ਸੋਸ਼ਲ ਮੀਡੀਆ ਹੀ ਕਰੇਗਾ ਕਿਉਂਕਿ ਲੋਕ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ।



# ਅੰਮ੍ਰਿਤਪਾਲ ਸਿੰਘ ਨੂੰ ਮਿਲਣ ਡਿਬਰੂਗੜ੍ਹ ਜੇਲ੍ਹ ਪਹੁੰਚੀ ਪਤਨੀ ਕਿਰਨਦੀਪ ਕੌਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਆਸਾਮ ਦੀ ਜੇਲ੍ਹ 'ਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੇ ਡਿਬਰੂਗੜ੍ਹ ਜੇਲ੍ਹ 'ਚ ਆਪਣੇ ਪਤੀ ਨਾਲ ਮੁਲਾਕਾਤ ਕਰਨ ਪੁੱਜੀ।

ਇਸ ਮੌਕੇ ਕਿਰਨਦੀਪ ਕੌਰ ਨਾਲ ਦਲਜੀਤ ਸਿੰਘ ਕਲਸੀ ਦੀ ਪਤਨੀ ਨੀਰੂ ਕਲਸੀ ਤੇ ਉਸ ਦਾ ਪੁੱਤਰ ਸਿਮਰਦੀਪ ਸਿੰਘ ਕਲਸੀ ਵੀ ਸਨ। ਜਦੋਂ ਕਿਰਨਦੀਪ ਕੌਰ ਕੇਂਦਰੀ ਜੇਲ੍ਹ ਡਿਬਰੂਗੜ੍ਹ ਪੁੱਜੀ ਤਾਂ ਉਨ੍ਹਾਂ ਨੇ ਆਪਣਾ ਮੂੰਹ ਦੁਪੱਟੇ ਨਾਲ ਢਕਿਆ ਹੋਇਆ ਸੀ ਤੇ ਹੱਥਾਂ 'ਚ ਲਾਲ ਚੂੜਾ ਦਿਖਾਈ ਦੇ ਰਿਹਾ ਸੀ। ਸੂਤਰਾਂ ਅਨੁਸਾਰ ਉਹ ਦੁਪਹਿਰ 1 ਵਜੇ ਦੇ ਕਰੀਬ ਜੇਲ੍ਹ ਕੰਪਲੈਕਸ 'ਚ ਦਾਖ਼ਲ ਹੋਏ ਅਤੇ ਬਾਅਦ ਦੁਪਹਿਰ 3.25 ਵਜੇ ਜੇਲ੍ਹ ਤੋਂ ਬਾਹਰ ਚਲੇ ਗਏ।



# Punjab educationists to rally against AAP govt ahead of Jalandhar by-poll



The educationists in Punjab have blamed the Aam Aadmi Party (AAP) government for allegedly destroying the education network in the state and have challenged Chief Minister Bhagwant Mann for a debate on the state's higher education system and have also decided to make it a political issue ahead of Jalandhar Lok Sabha bye-elections. Rajinder Mohan Singh Chhina, head of the Joint Action Committee (JAC) informed on Monday "Though there are numerous issues confronting higher education in the state, three primary current demands of the JAC are the scrapping of the proposed Centralized Admission Portal for Colleges, conversion of all posts into the grant-in-aid schemes and the third demand is formation of Higher Education Regulatory Authority (HERA) in the state to monitor the institutions of higher learning"

**Courtesy: times of india.com**

# ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਤੇ ਅਮਰੀਕੀ ਸਿੱਖਾਂ ਨੇ ਮਨਾਇਆ ਦਸਤਾਰ ਦਿਵਸ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਨਿਊਯਾਰਕ ਦੇ ਵਿਸ਼ਵ ਪ੍ਰਸਿੱਧ ਟਾਈਮ ਸਕੁਏਅਰ 'ਤੇ ਅਮਰੀਕੀ ਸਿੱਖ ਭਾਈਚਾਰੇ ਵਲੋਂ ਦਸਤਾਰ ਦਿਵਸ ਮਨਾਇਆ ਗਿਆ। ਨੌਜਵਾਨਾਂ ਵੱਲੋਂ ਦੱਸਿਆ ਕਿ ਦਸਤਾਰ ਦਿਵਸ ਮੁਹਿੰਮ ਦਾ ਉਦੇਸ਼ ਸਾਰੇ ਅਮਰੀਕੀਆਂ ਅਤੇ ਹੋਰ ਵਿਸ਼ਵ ਨਾਗਰਿਕਾਂ 'ਚ ਦਸਤਾਰ ਅਤੇ ਸਿੱਖ ਧਰਮ 'ਚ ਇਸ ਦੀਆਂ ਕਦਰਾਂ ਕੀਮਤਾਂ ਬਾਰੇ ਜਾਗਰੂਕਤਾ ਲਿਆਉਣਾ ਹੈ ਤਾਂ ਜੋ ਦਸਤਾਰ ਬਾਰੇ ਗਲਤ ਧਾਰਨਾਵਾਂ ਨੂੰ ਠੀਕ ਕੀਤਾ ਜਾ ਸਕੇ, ਜਿਸ ਰਾਹੀਂ ਅਸੀਂ ਪਿਆਰ, ਵਿਸ਼ਵਾਸ, ਬਰਾਬਰੀ ਅਤੇ ਸਮਾਜਿਕ ਨਿਆਂ ਦੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੇ ਹਾਂ। ਹਰ ਸਾਲ, ਦਸਤਾਰ ਦਿਵਸ ਸਿੱਖ ਭਾਈਚਾਰੇ ਦੇ ਸੈਂਕੜੇ ਵਾਲੰਟੀਅਰਾਂ ਵਲੋਂ ਨਿਊ ਯਾਰਕ ਵਾਸੀਆਂ, ਦੁਨੀਆ ਭਰ ਦੇ ਸੈਲਾਨੀਆਂ ਅਤੇ ਟਾਈਮਜ਼ ਸਕੁਏਅਰ ਦਾ ਦੌਰਾ ਕਰਨ ਵਾਲੇ ਦੇਸ਼ ਭਰ ਦੇ ਅਮਰੀਕੀਆਂ ਦੇ ਰੰਗ ਬਿਰੰਗੀਆਂ ਪੱਗਾਂ ਬੰਨ੍ਹ ਕੇ ਮਨਾਇਆ ਜਾਂਦਾ ਹੈ। ਨੌਜਵਾਨਾਂ ਨੇ ਦੱਸਿਆ ਕਿ ਦਸਤਾਰਾਂ ਬੰਨਣ ਸਮੇਂ ਅਸੀਂ ਸਿੱਖ ਵਿਰਸੇ, ਪਛਾਣ ਦੀ ਗੱਲ ਵੀ ਕਰਦੇ ਹਾਂ ਅਤੇ ਪੱਗਾਂ ਬਨਾਉਣ ਵਾਲਿਆਂ ਨੂੰ ਸਿੱਖ ਸੱਭਿਆਚਾਰ ਤੋਂ ਜਾਣੂੰ ਵੀ ਕਰਵਾਉਂਦੇ ਹਾਂ।

# ਨਹੀਂ ਰਹੇ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਨੂੰ ਦਿਹਾਂਤ ਹੋ ਗਿਆ। ਉਹ 95 ਵਰ੍ਹਿਆਂ ਦੇ ਸਨ।

ਆਪਣੀ ਨਿਮਰਤਾ ਅਤੇ ਜ਼ਮੀਨ ਨਾਲ ਜੁੜੇ ਆਗੂ ਵਜੋਂ ਜਾਣੇ ਜਾਂਦੇ ਸ. ਬਾਦਲ ਦੀ ਸਿਹਤ ਕੁਝ ਸਮੇਂ ਤੋਂ ਠੀਕ ਨਹੀਂ ਸੀ ਅਤੇ ਸਾਹ ਲੈਣ 'ਚ ਤਕਲੀਫ਼ ਦੀ ਸ਼ਿਕਾਇਤ ਤੋਂ ਬਾਅਦ ਉਨ੍ਹਾਂ ਨੂੰ ਹਫ਼ਤਾ ਪਹਿਲਾਂ ਮੁਹਾਲੀ ਦੇ ਫੋਰਟਿਸ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ।

ਹਸਪਤਾਲ ਦੇ ਡਾਇਰੈਕਟਰ ਅਭੀਜੀਤ ਸਿੰਘ ਨੇ ਦੱਸਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਰਾਤ 8 ਵਜੇ ਆਖਰੀ ਸਾਹ ਲਏ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀਆਂ ਅਸਥੀਆਂ 3 ਮਈ ਨੂੰ ਪਰਿਵਾਰਕ ਮੈਂਬਰਾਂ, ਸਾਕ-ਸੰਬੰਧੀਆਂ ਅਤੇ ਪਾਰਟੀ ਵਰਕਰਾਂ ਵਲੋਂ ਗੁਰਦੁਆਰਾ ਸ੍ਰੀ ਪਤਾਲਪੁਰੀ ਸਾਹਿਬ ਵਿਖੇ ਸਤਲੁਜ ਦਰਿਆ 'ਚ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ।

ਸ੍ਰ. ਬਾਦਲ ਨੂੰ 11 ਦਸੰਬਰ 2011 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਰਤਨ ਫ਼ਖਰ-ਏ-ਕੌਮ ਦੀ ਉਪਾਧੀ ਨਾਲ ਨਿਵਾਜ਼ਿਆ ਗਿਆ ਸੀ। ਇਸ ਤੋਂ ਇਲਾਵਾ 30 ਮਾਰਚ 2015 'ਚ ਭਾਰਤ ਦੇ



ਉਸ ਸਮੇਂ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਵਲੋਂ ਸ. ਬਾਦਲ ਨੂੰ ਪਦਮ ਵਿਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ, ਪਰ ਕਿਸਾਨਾਂ ਦੇ ਸੰਘਰਸ਼ ਦੇ ਚਲਦਿਆਂ ਉਨ੍ਹਾਂ 3 ਦਸੰਬਰ 2020 ਨੂੰ ਇਹ ਪੁਰਸਕਾਰ ਵਾਪਸ ਕਰ ਦਿੱਤਾ ਸੀ।

# ਪ੍ਰਧਾਨ ਮੰਤਰੀ ਸਮੇਤ ਸ਼ਖ਼ਸੀਅਤਾਂ ਵਲੋਂ ਬਾਦਲ ਨੂੰ ਸ਼ਰਧਾਂਜਲੀਆਂ

### ਸਿੰਘ ਸਭਾ ਪੱਤ੍ਰਿਕਾ ਬਿਊਰੋ





ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਦਾ ਬੀਤੀ ਰਾਤ ਦਿਹਾਂਤ ਹੋ ਗਿਆ ਸੀ। ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਕੀਤੇ ਤੇ ਸ਼ਰਧਾਂਜਲੀ ਭੇਟ ਕੀਤੀ। ਮੋਦੀ ਨੇ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਪ੍ਰਮੁੱਖ ਸਿਆਸੀ ਸ਼ਖ਼ਸ਼ੀਅਤਾਂ, ਕਲਾਕਾਰ ਹਰੇਕ ਵਰਗ ਦੇ ਲੋਕ ਪੁੱਜੇ।

# ਖੇਤਾਂ ਦੇ ਪੁੱਤਰ ਬਾਦਲ ਦੀ 'ਕਿਸਾਨ ਦੇ ਗੱਡੇ' ਉੱਤੇ ਨਿਕਲੀ ਅੰਤਿਮ ਯਾਤਰਾ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਮੰਡੀ ਕਿੱਲਿਆਂਵਾਲੀ, 27 ਅਪ੍ਰੈਲ (ਇਕਬਾਲ ਸਿੰਘ ਸ਼ਾਂਤ)-ਖੇਤਾਂ ਦੇ ਪੁੱਤਰ ਅਤੇ ਕਿਸਾਨ ਆਗੂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਯਾਤਰਾ ਵੀ ਟਰੈਕਟਰ-ਟਰਾਲੀ 'ਤੇ ਕੱਢੀ ਗਈ। ਇਸ ਨੂੰ ਵੱਖ-ਵੱਖ ਕਿਸਮ ਦੇ ਫੁੱਲਾਂ ਨਾਲ ਸਜਾਇਆ ਗਿਆ। ਇਸ ਦੇ ਉੱਪਰ ਉਨ੍ਹਾਂ ਦੀ ਹੱਸਦੇ ਹੋਏ ਚਿਹਰੇ ਵਾਲੀ ਤਸਵੀਰ ਲਗਾਈ ਗਈ ਸੀ।

ਪੰਜ ਵਾਰ ਦੇ ਮੁੱਖ ਮੰਤਰੀ ਸ: ਬਾਦਲ ਦਾ ਸਮੁੱਚਾ ਜੀਵਨ ਖੇਤੀ ਪ੍ਰਧਾਨ ਸੂਬੇ ਪੰਜਾਬ ਦੇ ਹਿਤਾਂ ਨੂੰ ਸਮਰਪਿਤ ਰਿਹਾ। 1997 'ਚ ਦੂਜੀ ਵਾਰ ਮੁੱਖ ਮੰਤਰੀ ਬਣਨ 'ਤੇ ਉਨ੍ਹਾਂ ਟਰੈਕਟਰ ਨੂੰ 'ਕਿਸਾਨ ਦਾ ਗੱਡਾ' ਐਲਾਨ ਕੇ ਉਸ ਦਾ ਰੋਡ ਟੈਕਸ ਮੁਆਫ਼ ਕਰ ਦਿੱਤਾ ਸੀ। ਉਹ ਦੇਸ਼ ਦੀ ਪਹਿਲੀ ਗੈਰ-ਕਾਂਗਰਸੀ ਸਰਕਾਰ ਵਿਚ ਤਤਕਾਲੀ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਸਰਕਾਰ 'ਚ ਖੇਤੀਬਾੜੀ ਮੰਤਰੀ ਵੀ ਰਹੇ।

# ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਾਹ ਸਣੇ ਕਈ ਹਸਤੀਆਂ ਤੇ ਵੱਡੀ ਗਿਣਤੀ 'ਚ ਲੋਕਾਂ ਨੇ ਸ਼ਰਧਾਂਜਲੀ ਦਿੱਤੀ



### ਸਿੰਘ ਸਭਾ ਪੱਤ੍ਰਿਕਾ ਬਿਊਰੋ

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਜੋ 25 ਅਪ੍ਰੈਲ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਨਮਿਤ ਮਾਤਾ ਜਸਵੰਤ ਕੌਰ ਮੈਮੋਰੀਅਲ ਸਕੂਲ ਪਿੰਡ ਬਾਦਲ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ, ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਡਾ: ਬਰਜਿੰਦਰ ਸਿੰਘ ਹਮਦਰਦ, ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਆਗੂਆਂ ਤੇ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਾਮਿਲ ਹੋ ਕੇ ਹਰਮਨਪਿਆਰੇ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਕੀਤਾ। ਅਰਦਾਸ ਉਪਰੰਤ ਗਿਆਨੀ ਜਸਵੰਤ ਸਿੰਘ ਨੇ ਮੁੱਖ ਵਾਕ ਲਿਆ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ: ਬਾਦਲ ਦੀ ਤਸਵੀਰ 'ਤੇ ਫ਼ੁੱਲ-ਮਾਲਾਵਾਂ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ।

# ਪੰਜਾਬ ਦੀ ਧਰਤੀ ‘ਤੇ ਇੱਕ ਨਵੇਕਲਾ ਸਕੂਲ ਜਿੱਥੇ ਕੋਈ ਅਧਿਆਪਕ ਨਹੀਂ

## ਇੱਥੇ ਨਕਲ-ਟਿਊਸ਼ਨ ਪਾਪ ਹੈ: ਗੁਰਦਾਸਪੁਰ ਦੀ ਵਿਲੱਖਣ ਵਿੱਦਿਅਕ ਸੰਸਥਾ, ਜਿੱਥੇ ਅਧਿਆਪਕ-ਵਾਰਡਨ ਤੋਂ ਲੈ ਕੇ ਸਵੀਪਰ ਤਕ ਸਾਰੀਆਂ ਵਿਦਿਆਰਥਣਾਂ

**ਜਗਜੀਤ ਸਿੰਘ**

ਗੁਰਦਾਸਪੁਰ, ਇੱਥੇ ਅਧਿਆਪਕ ਵੀ ਵਿਦਿਆਰਥਣਾਂ ਹਨ ਤੇ ਵਾਰਡਨ ਵੀ, ਕੁੱਕ ਅਤੇ ਸਵੀਪਰ ਦੀ ਜ਼ਿੰਮੇਵਾਰੀ ਵੀ ਵਿਦਿਆਰਥਣਾਂ ਦੀ ਹੈ। ਇਹ ਸ਼ਾਇਦ ਆਪਣੀ ਕਿਸਮ ਦਾ ਪਹਿਲਾ ਨਿੱਜੀ ਵਿਦਿਅਕ ਅਦਾਰਾ ਹੋਵੇਗਾ, ਜਿੱਥੇ ਹਰ ਜ਼ਿੰਮੇਵਾਰੀ ਵਿਦਿਆਰਥਣਾਂ ਦੀ ਸੰਭਾਲ ਕੀਤੀ ਜਾ ਰਹੀ ਹੈ। ਇੱਥੇ ਨਾ ਸਿਰਫ਼ ਲੜਕੀਆਂ ਨੂੰ ਬਿਨਾਂ ਟਿਊਸ਼ਨ ਫੀਸ ਤੋਂ ਸਿੱਖਿਆ ਦਿੱਤੀ ਜਾ ਰਹੀ ਹੈ, ਸਗੋਂ ਉਨ੍ਹਾਂ ਦੇ ਮਾਪਿਆਂ ਦੀਆਂ ਮਾਮੂਲੀ ਲੋੜਾਂ ਵੀ ਪੂਰੀਆਂ ਕੀਤੀਆਂ ਜਾ ਰਹੀਆਂ ਹਨ।

ਗੁਰਦਾਸਪੁਰ ਦੇ ਤੁਗਲਵਾਲ ਵਿੱਚ ਸੇਵਾ ਭਾਵਨਾ ਨਾਲ ਚਲਾਇਆ ਜਾ ਰਿਹਾ ਬਾਬਾ ਆਇਆ ਸਿੰਘ ਰਿਆੜਕੀ ਵਿੱਦਿਅਕ ਸੰਸਥਾ ਇੱਕ ਮਿਸਾਲ ਬਣ ਗਈ ਹੈ। ਇੱਥੇ ਨਰਸਰੀ ਤੋਂ ਗ੍ਰੈਜੂਏਸ਼ਨ ਤਕ ਦੀ ਪੜ੍ਹਾਈ ਹੁੰਦੀ ਹੈ।

ਬਾਬਾ ਆਇਆ ਸਿੰਘ ਰਿਆੜਕੀ ਡਿਗਰੀ ਕਾਲਜ ਦੇ ਪ੍ਰਿੰਸੀਪਲ 80 ਸਾਲਾ ਸਵਰਨ ਸਿੰਘ ਵਿਰਕ ਦਾ ਕਹਿਣਾ ਹੈ ਕਿ 1974 ਵਿੱਚ 14 ਲੜਕੀਆਂ ਨਾਲ ਸ਼ੁਰੂ ਹੋਈ ਇਸ ਵਿੱਦਿਅਕ ਸੰਸਥਾ ਵਿੱਚ ਇਸ ਵੇਲੇ 3500 ਦੇ ਕਰੀਬ ਵਿਦਿਆਰਥਣਾਂ ਹਨ।

ਇੱਥੇ ਨਕਲ ਅਤੇ ਟਿਊਸ਼ਨ ਨੂੰ ਪਾਪ ਮੰਨਿਆ ਜਾਂਦਾ ਹੈ। ਚੰਗੇ ਅੰਕ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਵਜ਼ੀਫ਼ਾ ਦਿੱਤਾ ਜਾਂਦਾ ਹੈ। ਕਾਲਜ ਪਿਛਲੇ ਪੰਜ ਸਾਲਾਂ ਤੋਂ 100 ਫੀਸਦੀ ਪ੍ਰੀਖਿਆ ਨਤੀਜੇ ਪ੍ਰਾਪਤ ਕਰ ਰਿਹਾ ਹੈ।

ਦਸ ਫੀਸਦੀ ਵਿਦਿਆਰਥਣਾਂ ਮੈਰਿਟ ਵਿੱਚ ਰਹਿੰਦੀਆਂ ਹਨ। 60 ਫੀਸਦੀ ਤੋਂ ਵੱਧ ਵਿਦਿਆਰਥਣਾਂ ਫਸਟ ਡਿਵੀਜ਼ਨ ਵਿੱਚ ਪਾਸ ਹੁੰਦੀਆਂ ਹਨ। ਕਾਲਜ ਰਾਜ ਵਿੱਚ ਕਿਸੇ ਪਛਾਣ ਦਾ ਮੁਹਤਾਜ ਨਹੀਂ ਹੈ। ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ।

ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਜ਼ਮੀਨ ਠੇਕੇ ’ਤੇ ਲੈ ਕੇ ਇਸ ਵਿੱਦਿਅਕ ਅਦਾਰੇ ਦੀ ਸ਼ੁਰੂਆਤ ਕੀਤੀ ਸੀ। ਉਸ ਸਮੇਂ ਜ਼ਮੀਨ ਦਾ ਸਾਲਾਨਾ ਠੇਕਾ ਪੰਜ ਹਜ਼ਾਰ ਰੁਪਏ ਸੀ, ਜੋ ਹੁਣ ਵਧ ਕੇ ਢਾਈ ਲੱਖ ਹੋ ਗਿਆ ਹੈ।

ਉਨ੍ਹਾਂ ਨੇ ਇਲਾਕੇ ਦੀਆਂ ਅਨਪੜ੍ਹ ਕੁੜੀਆਂ ਨੂੰ ਦੇਖਿਆ ਤਾਂ ਅਜਿਹੀ ਸੰਸਥਾ ਸ਼ੁਰੂ ਕਰਨ ਦਾ ਵਿਚਾਰ ਆਇਆ। ਉਦੋਂ ਮਾਪੇ ਕੁੜੀਆਂ ਨੂੰ ਪੜ੍ਹਾਉਣਾ ਚੰਗਾ ਨਹੀਂ ਸਮਝਦੇ ਸਨ।

ਇਸ ਲਈ ਉਨ੍ਹਾਂ ਨੇ ਅਜਿਹੀ ਵਿੱਦਿਅਕ ਸੰਸਥਾ ਬਣਾਉਣ ਬਾਰੇ ਸੋਚਿਆ ਜੋ ਲੜਕੀਆਂ ਨੂੰ ਮੁਫ਼ਤ ਸਿੱਖਿਆ ਦੇ ਸਕੇ ਅਤੇ ਉਨ੍ਹਾਂ ਦੇ ਮਾਪਿਆਂ ਦੀਆਂ ਲੋੜਾਂ ਵੀ ਪੂਰੀਆਂ ਕਰ ਸਕੇ।



### ਮਾਪਿਆਂ ਲਈ ਬਾਬੇ ਨਾਨਕ ਦੀ ਹੱਟੀ

ਮਾਪਿਆਂ ਦੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ ਬਾਬੇ ਨਾਨਕ ਦੀ ਹੱਟੀ ਦੇ ਨਾਂ 'ਤੇ ਇਕ ਕੋਨਾ ਬਣਾਇਆ ਗਿਆ ਹੈ, ਜਿੱਥੇ ਰਾਸ਼ਨ ਤੋਂ ਇਲਾਵਾ ਵਰਦੀਆਂ, ਕਿਤਾਬਾਂ, ਨੋਟਬੁੱਕਾਂ ਅਤੇ ਪਸ਼ੂਆਂ ਲਈ ਚਾਰਾ ਵੀ ਉਪਲਬਧ ਹੈ।

ਬਾਬਾ ਆਇਆ ਸਿੰਘ ਰਿਆੜਕੀ ਕਾਲਜ ਵਿੱਚ ਪੜ੍ਹਨ ਵਾਲੀਆਂ ਵਿਦਿਆਰਥਣਾਂ ਆਪਣੇ ਪਰਿਵਾਰ ਦਾ ਰੋਜ਼ਾਨਾ ਜ਼ਰੂਰੀ ਸਾਮਾਨ ਇੱਥੋਂ ਲੈ ਕੇ ਜਾ ਸਕਦੀਆਂ ਹਨ।

### ਵਿਦਿਆਰਥੀ ਕੇਂਦਰਿਤ ਸਿੱਖਿਆ

ਸੰਸਥਾ ਦੀ ਸਮੁੱਚੀ ਪ੍ਰਣਾਲੀ ਵਿਦਿਆਰਥੀ ਕੇਂਦਰਿਤ ਸਿੱਖਿਆ 'ਤੇ ਆਧਾਰਿਤ ਹੈ। ਸਕੂਲ ਵਿੱਚ ਅਧਿਆਪਕ ਤੋਂ ਲੈ ਕੇ ਸਵੀਪਰ ਤਕ ਦੀ ਜ਼ਿੰਮੇਵਾਰੀ ਬੱਚੇ ਹੀ ਨਿਭਾਉਂਦੇ ਹਨ। ਵੱਡੀਆਂ ਜਮਾਤਾਂ ਦੀਆਂ ਵਿਦਿਆਰਥਣਾਂ ਛੋਟੀਆਂ ਜਮਾਤਾਂ ਦੇ ਬੱਚਿਆਂ ਨੂੰ ਪੜ੍ਹਾਉਂਦੀਆਂ ਹਨ।

ਸੰਸਥਾ ਦਾ ਉਦੇਸ਼ ਵਿਦਿਆਰਥਣਾਂ ਵਿੱਚ ਲੀਡਰਸ਼ਿਪ ਗੁਣ ਪੈਦਾ ਕਰਨਾ ਹੈ। ਛੋਟੀਆਂ ਜਮਾਤਾਂ ਨੂੰ ਪੜ੍ਹਾਉਣ ਵਾਲੀ ਗਗਨਦੀਪ ਕੌਰ ਨੇ ਡਬਲ ਐੱਮਏ, ਬੀਐੱਡ, ਐੱਮ ਫਿਲ ਤਕ ਦੀ ਪੜ੍ਹਾਈ ਕੀਤੀ ਹੈ।

ਕਈ ਵਿਦਿਆਰਥਣਾਂ ਹੋਰ ਸੰਸਥਾਵਾਂ ਤੋਂ ਪੀਐੱਚਡੀ ਕਰ ਰਹੀਆਂ ਹਨ। ਉਹ ਦੱਸਦੀ ਹੈ ਕਿ ਅੱਤਵਾਦ ਦੇ ਦੌਰ ਦੌਰਾਨ ਉਸ ਦੇ ਮਾਤਾ-ਪਿਤਾ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ।

ਉਹ ਆਪਣੀ ਦਾਦੀ ਕੋਲ ਰਹਿਣ ਆਈ ਸੀ। ਉਸਨੇ ਤੀਜੀ ਜਮਾਤ ਵਿੱਚ ਇਸ ਸੰਸਥਾ ਵਿੱਚ ਪੜ੍ਹਨਾ ਸ਼ੁਰੂ ਕੀਤਾ ਅਤੇ ਹੁਣ ਆਪਣੀ ਪੀਐੱਚਡੀ ਕਰ ਰਹੀ ਹੈ।

ਪੜ੍ਹਾਈ ਦੇ ਨਾਲ-ਨਾਲ ਉਹ ਕਾਲਜ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਨੂੰ ਪੜ੍ਹਾ ਰਿਹਾ ਹੈ। ਬੀਸੀਏ ਦੂਜੇ ਸਾਲ ਦੀ ਪੜ੍ਹਾਈ ਕਰ ਰਹੀ ਪਿੰਡ ਲੀਲਕਲਾਂ ਦੀ ਨਵਜੋਤ ਕੌਰ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਇਸ ਸੰਸਥਾ ਵਿੱਚ ਪੜ੍ਹਦੀ ਆਈ ਹੈ।

ਹੁਣ ਉਹ ਬੀਸੀਏ ਕਰਨ ਦੇ ਨਾਲ-ਨਾਲ ਛੋਟੇ ਬੱਚਿਆਂ ਨੂੰ ਪੜ੍ਹਾ ਰਹੀ ਹੈ। ਇਸ ਦਾ ਫਾਇਦਾ ਇਹ ਹੈ ਕਿ ਉਸ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਅਭਿਆਸ ਨਾਲੋ-ਨਾਲ ਚੱਲ ਰਿਹਾ ਹੈ।

ਕਾਲਜ ਵਿੱਚ ਅੱਜ ਤਕ ਕੋਈ ਪ੍ਰਾਸਪੈਕਟਸ ਨਹੀਂ ਛਾਪਿਆ ਗਿਆ। ਕਾਲਜ ਦੇ ਹੋਸਟਲ ਵਿੱਚ ਰਹਿਣ ਵਾਲੀਆਂ ਵਿਦਿਆਰਥਣਾਂ ਤੋਂ ਇੱਕ ਸਾਲ ਵਿੱਚ 6500 ਰੁਪਏ ਲਏ ਜਾਂਦੇ ਹਨ।

ਜੇਕਰ ਕੋਈ ਵਿਦਿਆਰਥੀ ਪੈਸੇ ਦੇਣ ਵਿੱਚ ਅਸਮਰੱਥ ਹੈ, ਤਾਂ ਉਹ ਬਿਨਾਂ ਭੁਗਤਾਨ ਕੀਤੇ ਇੱਥੇ ਰਹਿ ਸਕਦਾ ਹੈ। ਵਾਰਡਨ ਤੋਂ ਲੈ ਕੇ ਹੋਸਟਲ ਵਿੱਚ ਖਾਣਾ ਬਣਾਉਣ ਤਕ ਦੀ ਜ਼ਿੰਮੇਵਾਰੀ ਵਿਦਿਆਰਥਣਾਂ ਦੀ ਹੈ। ਇਸ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

### ਨਕਲ ਫੜਨ 'ਤੇ 21 ਹਜ਼ਾਰ ਦਾ ਇਨਾਮ

ਪ੍ਰਿੰਸੀਪਲ ਸਵਰਨ ਸਿੰਘ ਵਿਰਕ ਦਾ ਦਾਅਵਾ ਹੈ ਕਿ ਇੱਥੇ ਪ੍ਰੀਖਿਆਵਾਂ ਦੌਰਾਨ ਕੋਈ ਵੀ ਬੱਚਾ ਨਕਲ ਨਹੀਂ ਕਰਦਾ। ਪ੍ਰੀਖਿਆ ਕੇਂਦਰ 'ਚ ਨਕਲ ਕਰਦੇ ਫੜੇ ਜਾਣ 'ਤੇ ਬੱਚੇ ਖੁਦ ਪੈਸੇ ਇਕੱਠੇ ਕਰਦੇ ਹਨ ਅਤੇ 21 ਹਜ਼ਾਰ ਰੁਪਏ ਦਾ ਇਨਾਮ ਰੱਖਦੇ ਹਨ। ਪ੍ਰੀਖਿਆ ਦੌਰਾਨ ਬੱਚਿਆਂ 'ਤੇ ਸਟਾਫ ਦੀ ਤਾਇਨਾਤੀ ਨਹੀਂ ਕੀਤੀ ਜਾਂਦੀ।

ਕਿਵੇਂ ਨਿਕਲਦਾ ਹੈ ਖਰਚਾ

ਕਾਲਜ ਨੇ ਕਿਸਾਨਾਂ ਨੂੰ ਖੇਤੀ ਲਈ ਸੱਤ ਏਕੜ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ। ਇਸ ਦੇ ਬਦਲੇ ਉਨ੍ਹਾਂ ਨੂੰ ਸਾਲ ਦੇ ਅਨਾਜ ਤੋਂ ਇਲਾਵਾ ਪ੍ਰਤੀ ਏਕੜ ਠੇਕਾ ਮਿਲਦਾ ਹੈ। ਇਸ ਤੋਂ ਇਲਾਵਾ ਹੋਸਟਲ ਫੀਸ ਵੀ ਲਈ ਜਾਂਦੀ ਹੈ।

ਪੁਰਾਣੀਆਂ ਅਤੇ ਕਬਾੜ ਵਸਤਾਂ ਨੂੰ ਰੀਸਾਈਕਲ ਕਰਨ ਲਈ ਵਿਸ਼ੇਸ਼ ਸਟੋਰ ਸਥਾਪਿਤ ਕੀਤਾ ਗਿਆ ਹੈ। ਇਨ੍ਹਾਂ ਚੀਜ਼ਾਂ ਨੂੰ ਵੇਚ ਕੇ ਕਮਾਈ ਕੀਤੀ ਜਾਂਦੀ ਹੈ। ਹਰ ਸਾਲ ਕਰੀਬ ਡੇਢ ਤੋਂ ਡੇਢ ਲੱਖ ਰੁਪਏ ਦਾ ਵਾਧਾ ਹੁੰਦਾ ਹੈ।

ਪ੍ਰਿੰਸੀਪਲ ਵਿਰਕ ਦਾ ਕਹਿਣਾ ਹੈ ਕਿ ਅਸੀਂ ਖਰਚੇ ਦਾ ਹਿਸਾਬ ਨਹੀਂ ਰੱਖਦੇ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸਭ ਕੁਝ ਧਾਂਦਲੀ ਅਤੇ ਕਾਗਜ਼ੀ ਕਾਰਵਾਈ ਲਈ ਕੀਤਾ ਗਿਆ ਹੈ। ਕਾਲਜ ਦਾ ਪੂਰਾ ਕੈਂਪਸ 15 ਏਕੜ ਵਿੱਚ ਫੈਲਿਆ ਹੋਇਆ ਹੈ।

ਵਿਦਿਆਰਥਣਾਂ ਖੇਤੀ, ਆਪਣੀ ਆਟਾ ਚੱਕੀ, ਗੰਨੇ ਦੀ ਪਿੜਾਈ ਮਸ਼ੀਨ ਵੀ ਕਰਦੀਆਂ ਹਨ

ਵਿਦਿਆਰਥਣਾਂ ਖੁਦ ਇੱਕ ਏਕੜ ਦੇ ਰਕਬੇ ਵਿੱਚ ਖੇਤੀ ਕਰਦੀਆਂ ਹਨ। ਇੱਥੇ ਆਰਗੈਨਿਕ ਖੇਤੀ ਕੀਤੀ ਜਾਂਦੀ ਹੈ। ਕੋਈ ਰਸਾਇਣਕ ਖਾਦ ਜਾਂ ਦਵਾਈਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਕੂੜੇ ਤੋਂ ਦੇਸੀ ਖਾਦ ਤਿਆਰ ਕਰਨ ਲਈ ਵੱਖਰੀ ਥਾਂ ਦਾ ਪ੍ਰਬੰਧ ਕੀਤਾ ਗਿਆ ਹੈ। ਵਿਦਿਆਰਥਣਾਂ ਇੱਥੇ ਦਾਲਾਂ ਅਤੇ ਸਬਜ਼ੀਆਂ ਉਗਾਉਂਦੀਆਂ ਹਨ। ਹੁਣ ਲਸਣ, ਪਿਆਜ਼, ਮਿਰਚ ਆਦਿ ਦੀ ਕਾਸ਼ਤ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਕਾਲਜ ਨੂੰ ਛੇ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਹਰ ਜ਼ੋਨ ਖੇਤ ਦੇ ਆਪਣੇ ਹਿੱਸੇ ਵਿੱਚ ਸਬਜ਼ੀਆਂ ਆਦਿ ਉਗਾਉਂਦਾ ਹੈ। ਇਸ ਦੀ ਸਾਰੀ ਜ਼ਿੰਮੇਵਾਰੀ ਵਿਦਿਆਰਥਣਾਂ ਦੀ ਹੈ।

ਕਾਲਜ ਦੀ ਆਪਣੀ ਆਟਾ ਚੱਕੀ, ਗੰਨੇ ਦੀ ਪਿੜਾਈ ਮਸ਼ੀਨ, ਗੰਨੇ ਤੋਂ ਗੁੜ ਬਣਾਉਣ ਦੇ ਪਲਾਂਟ ਹਨ। ਇੱਥੇ ਵਰਤੀ ਜਾਣ ਵਾਲੀ ਹਰ ਚੀਜ਼ ਕਾਲਜ ਵਿੱਚ ਹੀ ਤਿਆਰ ਕੀਤੀ ਜਾਂਦੀ ਹੈ।



ਕਾਲਜ ਵਿੱਚ ਖੰਡ ਬਿਲਕੁਲ ਨਹੀਂ ਵਰਤੀ ਜਾਂਦੀ। ਇਸ ਦੀ ਥਾਂ 'ਤੇ ਗੁੜ ਜਾਂ ਸ਼ੱਕਰ ਦੀ ਵਰਤੋਂ ਕੀਤੀ ਜਾਂਦੀ ਹੈ। ਰਾਕ ਲੂਣ ਵੀ ਵਰਤਿਆ ਜਾਂਦਾ ਹੈ।

ਬਾਇਓ ਗੈਸ ਪਲਾਂਟ

ਕਾਲਜ ਵਿੱਚ ਪਸ਼ੂ ਵੀ ਰੱਖੇ ਜਾਂਦੇ ਹਨ। ਵਿਦਿਆਰਥਣਾਂ ਨੂੰ ਇਹ ਸਹੂਲਤ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਦੇ ਰਿਸ਼ਤੇਦਾਰ ਪਸ਼ੂ ਆਪਣੇ ਘਰਾਂ ਵਿੱਚ ਰੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕਾਲਜ ਵੱਲੋਂ ਮੁਫ਼ਤ ਚਾਰਾ ਦਿੱਤਾ ਜਾਵੇਗਾ।

ਇੱਥੇ ਗੋਬਰ ਗੈਸ ਪਲਾਂਟ ਚੱਲਦਾ ਹੈ। ਇਸ ਗੈਸ ਨਾਲ ਵਿਦਿਆਰਥਣਾਂ ਕਾਲਜ ਦੀ ਰਸੋਈ ਵਿੱਚ ਖੁਦ ਖਾਣਾ ਤਿਆਰ ਕਰਦੀਆਂ ਹਨ। ਬਾਕੀ ਬਚਿਆ ਗੋਬਰ ਖਾਦ ਵਜੋਂ ਵਰਤਿਆ ਜਾਂਦਾ ਹੈ।

ਗੋਬਰ ਗੈਸ ਦੀ ਸਪਲਾਈ ਨਾਲ ਰੋਜ਼ਾਨਾ ਇੱਕ ਹਜ਼ਾਰ ਰੁਪਏ ਦੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਸੋਲਰ ਪਾਵਰ ਪਲਾਂਟ ਵੀ ਲਗਾਇਆ ਗਿਆ ਹੈ ਜਿਸ ਕਾਰਨ ਹਰ ਸਾਲ ਬਿਜਲੀ ਦੇ ਬਿੱਲ ਵਿੱਚ ਦਸ ਹਜ਼ਾਰ ਰੁਪਏ ਦੀ ਕਮੀ ਆ ਰਹੀ ਹੈ।

ਸਾਦਗੀ ਲਈ ਸਫੈਦ ਵਰਦੀ

ਬੱਚਿਆਂ ਵਿੱਚ ਸਾਦਗੀ ਅਤੇ ਸਮਾਨਤਾ ਦੀ ਭਾਵਨਾ ਪੈਦਾ ਕਰਨ ਲਈ ਸਫੈਦ ਵਰਦੀ ਪਾਉਣੀ ਜ਼ਰੂਰੀ ਕੀਤੀ ਗਈ ਹੈ। ਹਫ਼ਤੇ ਦੇ ਸਾਰੇ ਦਿਨ ਸਫੈਦ ਵਰਦੀ, ਸਫੈਦ ਦੁਪੱਟਾ ਅਤੇ ਪੂਰੀ ਆਸਤੀਨ ਵਾਲੀ ਕਮੀਜ਼ ਪਹਿਨਣੀ ਲਾਜ਼ਮੀ ਹੈ।

ਅਨੁਸ਼ਾਸਨ ਨੂੰ ਇੱਥੇ ਉੱਚ ਤਰਜੀਹ ਦਿੱਤੀ ਜਾਂਦੀ ਹੈ। ਕਾਲਜ ਦਾ ਪ੍ਰਬੰਧ ਚਲਾਉਣ ਲਈ ਬੱਚਿਆਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਹਨ, ਇਨ੍ਹਾਂ ਕਮੇਟੀਆਂ ਦੇ ਮੈਂਬਰ ਸਾਰਾ ਕੰਮ ਯੋਜਨਾਬੱਧ ਢੰਗ ਨਾਲ ਕਰਦੇ ਹਨ। ਉਹ ਖੁਦ ਵੀ ਕਮੇਟੀ ਦੇ ਕੰਮ ਲਈ ਜ਼ਿੰਮੇਵਾਰ ਹਨ।

ਕੀਰਤਨ ਨਾਲ ਹੁੰਦੀ ਹੈ ਦਿਨ ਦੀ ਸ਼ੁਰੂਆਤ

ਵਿਦਿਆਰਥਣਾਂ ਦੇ ਦਿਨ ਦੀ ਸ਼ੁਰੂਆਤ ਗੁਰਬਾਣੀ ਕੀਰਤਨ ਨਾਲ ਹੋਈ। ਵਿਦਿਆਰਥਣਾਂ ਨੂੰ ਵਿਰਸੇ ਨਾਲ ਜੋੜੀ ਰੱਖਣ ਲਈ ਵਿਰਾਸਤੀ ਘਰ ਤਿਆਰ ਕੀਤਾ ਗਿਆ ਹੈ। ਜਿੱਥੇ ਪੁਰਾਤਨ ਵਸਤਾਂ ਨੂੰ ਸੰਭਾਲਿਆ ਗਿਆ ਹੈ।

ਬੱਚੇ ਹਰ ਤਿਉਹਾਰ ਲਈ ਰਸਾਲੇ ਤਿਆਰ ਕਰਦੇ ਹਨ। ਖਾਸ ਗੱਲ ਇਹ ਹੈ ਕਿ ਸਕੂਲ 'ਚ ਕਿਸੇ ਵੀ ਤਿਉਹਾਰ 'ਤੇ ਛੁੱਟੀ ਨਹੀਂ ਹੁੰਦੀ ਹੈ। ਸਕੂਲ ਵਿੱਚ ਹੀ ਹਰ ਤਿਉਹਾਰ ਮਨਾਇਆ ਜਾਂਦਾ ਹੈ।

ਸ਼ਹੀਦਾਂ ਦੀਆਂ ਪੁਰਾਣੀਆਂ ਤਸਵੀਰਾਂ ਤੋਂ ਇਲਾਵਾ ਉਨ੍ਹਾਂ ਦੇ ਮੌਤ ਦੇ ਸਰਟੀਫਿਕੇਟ ਵੀ ਵਿਰਾਸਤੀ ਘਰ ਵਿੱਚ ਸੁਰੱਖਿਅਤ ਰੱਖੇ ਹੋਏ ਹਨ। ਅਜਾਇਬ ਘਰ ਵਿੱਚ ਕਾਲਜ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਵਾਪਰੀਆਂ ਸਾਰੀਆਂ ਘਟਨਾਵਾਂ ਦੀਆਂ ਹਜ਼ਾਰਾਂ ਤਸਵੀਰਾਂ ਹਨ।

ਗੇਟ ਤੋਂ ਲੱਗੇ ਹਨ ਸਲੋਗਨ ਬੋਰਡ

ਕਾਲਜ ਦੇ ਮੁੱਖ ਗੇਟ ਰਾਹੀਂ ਅੰਦਰ ਦਾਖਲ ਹੁੰਦੇ ਹੀ ਸਾਰੀ ਸੜਕ ਦੇ ਦੋਵੇਂ ਪਾਸੇ ਸੈਂਕੜੇ ਨਾਅਰੇ ਵਾਲੇ ਬੋਰਡ ਲਗਾ ਦਿੱਤੇ ਗਏ ਹਨ। ਕਾਲਜ ਦੇ ਵਿਦਿਆਰਥੀ ਇਨ੍ਹਾਂ 'ਤੇ ਨਿੱਤ ਨਵੇਂ ਵਿਚਾਰ ਲਿਖਦੇ ਹਨ, ਤਾਂ ਜੋ ਇਨ੍ਹਾਂ ਨੂੰ ਜ਼ਿੰਦਗੀ ਵਿਚ ਲਾਗੂ ਕੀਤਾ ਜਾ ਸਕੇ। ਇਸ ਦੇ ਨਾਲ ਹੀ ਇੱਕ ਪਾਸੇ ਪੰਜਾਬ ਦੇ ਪੂਰੇ ਇਤਿਹਾਸ ਨੂੰ ਦਰਸਾਉਂਦੇ ਨਕਸ਼ੇ ਤਿਆਰ ਕੀਤੇ ਗਏ ਹਨ।

ਬੱਚਿਆਂ ਨੂੰ ਇਨਾਮ ਵਜੋਂ ਮਿਲਦੀ ਹੈ ਐੱਫਡੀ

ਕਾਲਜ ਮੈਨੇਜਮੈਂਟ ਨੇ ਬੱਚਿਆਂ ਨੂੰ ਆਰਥਿਕ ਲਾਭ ਦਿਵਾਉਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਵੱਖ-ਵੱਖ ਗਤੀਵਿਧੀਆਂ ਵਿੱਚ ਇਨਾਮ ਜਿੱਤਣ ਵਾਲੇ ਬੱਚਿਆਂ ਨੂੰ ਨਕਦ ਇਨਾਮ ਦਿੱਤੇ ਗਏ।

ਇਹ ਪੈਸਾ ਉਨ੍ਹਾਂ ਨੂੰ ਨਹੀਂ ਸੌਂਪਿਆ ਜਾਂਦਾ, ਸਗੋਂ ਉਨ੍ਹਾਂ ਦੇ ਨਾਂ 'ਤੇ ਐੱਫਡੀ ਇਸ ਦੇ ਲਈ ਬੱਚਿਆਂ ਦੇ ਖਾਤੇ ਵੀ ਖੋਲ੍ਹੇ ਗਏ ਹਨ ਅਤੇ ਹੁਣ ਤੱਕ 3.74 ਲੱਖ ਰੁਪਏ ਦੀ ਐੱਫਡੀ ਕਰਵਾਈ ਜਾ ਚੁੱਕੀ ਹੈ।

ਸ਼ਹੀਦਾਂ ਦੀ ਯਾਦ ਵਿੱਚ ਕਾਰਗਿਲ ਪਾਰਕ

ਕਾਰਗਿਲ ਜੰਗ ਦੌਰਾਨ ਕੁਰਬਾਨ ਹੋਏ ਜ਼ਿਲ੍ਹੇ ਦੇ ਸੈਨਿਕਾਂ ਦੀ ਯਾਦ ਵਿੱਚ ਕਾਲਜ ਦੇ ਬਾਹਰ ਕਾਰਗਿਲ ਸ਼ਹੀਦ ਯਾਦਗਰੀ ਪਾਰਕ ਬਣਾਇਆ ਗਿਆ ਹੈ।

ਇਸ ਪਾਰਕ ਵਿੱਚ ਲਗਾਏ ਗਏ ਬੂਟੇ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਲਗਾਏ ਗਏ ਸਨ ਜੋ ਹੁਣ ਰੁੱਖ ਬਣ ਚੁੱਕੇ ਹਨ। ਪਾਰਕ ਵਿੱਚ ਸ਼ਹੀਦ ਦਲਬੀਰ ਸਿੰਘ, ਹਰਬੰਸ ਮੱਲਾ, ਕੁਲਬੀਰ ਸਿੰਘ, ਮੁਕੇਸ਼ ਕੁਮਾਰ, ਸਤਵੰਤ ਸਿੰਘ, ਨਿਰਮਲ ਸਿੰਘ ਅਤੇ ਮੇਜਰ ਸਿੰਘ ਦੀ ਯਾਦ ਵਿੱਚ ਬੂਟੇ ਲਗਾਏ ਗਏ ਹਨ।

ਪ੍ਰਿੰਸੀਪਲ ਵਿਰਕ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਜਦੋਂ ਸ਼ਹੀਦਾਂ ਦੇ ਰਿਸ਼ਤੇਦਾਰ ਇਸ ਪਾਰਕ ਵਿੱਚ ਪਹੁੰਚਦੇ ਹਨ ਤਾਂ ਉਹ ਇਨ੍ਹਾਂ ਰੁੱਖਾਂ ਨੂੰ ਆਪਣੇ ਬੱਚੇ ਸਮਝ ਕੇ ਜੱਫੀ ਪਾ ਲੈਂਦੇ ਹਨ।

ਕਾਲਜ ਵਿੱਚ ਪੰਜ ਮੁੱਖ ਸਥਾਨ

1. ਅੱਖਰ ਸਕੂਲ
2. ਬਿਹਤਰ ਅੰਗਰੇਜ਼ੀ
3. ਲਾਇਬ੍ਰੇਰੀ
4. ਨਿਊਜ਼ ਪੇਪਰ ਸਟੈਂਡ
5. ਕੰਪਿਊਟਰ ਲੈਬ

ਬਾਬਾ ਆਇਆ ਸਿੰਘ ਰਿਆੜਕੀ ਗੁਰਮੁਖ ਸਿੰਘ ਪਟਿਆਲਾ ਵਾਲੇ ਦੇ ਜਥੇ ਨਾਲ ਕਾਰ ਸੇਵਾ ਕਰਦੇ ਸਨ। ਉਸ ਦੇ ਕੁਝ ਰਿਸ਼ਤੇਦਾਰਾਂ ਨੇ ਇਸਲਾਮ ਕਬੂਲ ਕਰ ਲਿਆ ਸੀ।

ਜਦੋਂ ਬਾਬੇ ਨੇ ਉਨ੍ਹਾਂ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਧੀਆਂ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਹੈ। ਜੇ ਉਹ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਚਾਹੁੰਦਾ ਹੈ, ਤਾਂ ਉਨ੍ਹਾਂ ਲਈ ਸਿੱਖਿਆ ਦਾ ਪ੍ਰਬੰਧ ਕਰੇ।

# Sat Sri Akaal Charitable Trust honours Sikh Achievers in Mumbai

**Irinder Singh Ahluwalia**



Irinder Singh Ahluwalia is the visionary founder of the Hemkunt Foundation, a non-profit organization that fights inequality, poverty, and disease by providing humanitarian aid, disaster relief, healthcare support, education, and access to livelihoods for economically weaker sections of society.

During COVID-19 outbreak, Hemkunt Foundation provided essential medical supplies -oxygen support, ambulance services, and cooked meals.

**Taran Chhabra and Amar Preet**



Taran Chhabra and Amar Preet are the dynamic duo behind Neeman Shoes, the world's first sustainable footwear company's mission is to create a global brand that produces comfortable footwear using natural and sustainable fibres. They also use 100% environmentally friendly bags made from recycled paper. Their guiding philosophy is #ChangeTheNorm, and they are committed to transforming 10 million discarded plastic bottles into comfortable sneakers by 2025.

**Paramjeet Singh**



Paramjeet Singh is an IRS officer with impeccable honesty and dedication. He is founder of Dharma Bharathi Mission, which has provided eight million meals to slum children, trained thousands of young men and women in vocational courses, and awarded scholarships to underprivileged but talented students. The organization follows the 3E approach of Education, Employment, and Empowerment. He has written "Legacies of the Homeland –100 Must Read Books by Punjabi Authors" and co-authored "Seeking Nanak." He is pioneer of EduSikh -formed as part of Guru Nanak's 550th Birthday celebrations.

**Onkar Singh Batra**



16-year-old Onkar Singh is a technology entrepreneur and explorer, committed to using science and technology to create a positive social impact. His current focus is on small satellite systems and cybersecurity technologies. He is a Founder of Paradox Sonic Space Research Association which is India's first LEO target Small Spacecraft company dedicated to the development of modular solutions for micro class spacecrafts.

At 7 Onkar Singh Batra became the World's Youngest Webmaster and has been decorated with the Pradhan Mantri Rashtriya Bal Puraskar 2020 and the Bal Shakti Puraskar.

**Dr Karandeep Singh**



A statistics doctorate and a moviemaker, Dr Karandeep Singh has produced and directed the 3D Animation movie on the life of Mother of Khalsa, Supreme Motherhood: The Journey of Mata Sahib Kaur, which won 12 international awards.

Founder of Guru Nanak Dwaar Foundation, he is building the world's first 100% Bamboo-built Gurdwara Sahib in Maharashtra, with an Ayurveda treatment and wellness centre.

He is setting up the first Sikh school - Meharr School of Mathematics and Entrepreneurship -developing the next generation of Sikh Mathematicians and Sikh Entrepreneurs in Maharashtra.

**Sandeep Kaur**

Sandeep Kaur, a compassionate leader who is devoted to uplifting the lives of girls through the Bhai Dharam Singh Khalsa Charitable Trust founded by her. Sandeep Kaur is on a mission to combat female foeticide by saving and educating girls. Her trust provides a safe haven for nearly 200 girls who have experienced hardship. These girls have found hope and healing under the nurturing care of Sandeep and her team. Many of these girls have excelled in medicine, law, science, and other fields. The trust also performs the Anand Karaj (Wedding) of these girls.



**Pargat Singh (Gotakhor)**



Selflessly and devotedly, 'Pargat Gotakhor' –'Pargat Singh The Diver' from Dabkhedi village, Kurukshetra has been risking his life to save others, having so far removed more than 14,000 dead bodies from different rivers, canals, ponds and reservoirs (Naira, Naliya) of Delhi, Rajasthan, Haryana and Punjab. He has saved 2100 people from drowning, rescued 16 life-threatening crocodiles from the Bhakra Nangal dam. He has used his 120 turbans to wrap around the dead bodies of women whose clothes were torn, to protect their dignity and honour.

**Amardeep Singh & Vininder kaur**



Amardeep Singh and Vininder Kaur, from Singapore, embarked on a mission to document the community's legacy by visiting and recording the historic tangible and intangible vestiges. Undertaking independent research, Amardeep visited 126 cities and villages in Pakistan and documented in the two books, 'Lost Heritage, The Sikh Legacy in Pakistan' and 'The Quest Continues: Lost Heritage, The Sikh Legacy in Pakistan'.

Vininder Kaur, his spouse, edited the two publications.Amardeep Singh and Vininder Kaur, embarked on a journey to retrace Guru Nanak's footsteps and produced the 24-episode docuseries "Allegory, A Tapestry of Guru Nanak's Travels", which is available at TheGuruNanak.com in English, Punjabi (Gurmukhi Script), Punjabi (Shahmukhi Script) and Hindi.

Registration No. MAHBIL/2013/53199
Postal Registration NO.MCE/248/2023-25
Postal at Dadar H.O. Mumbai-14

## ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਡਾਂਗਮਾਰ ਸਾਹਿਬ ਮਾਮਲੇ ਬਾਰੇ ਸਬ-ਕਮੇਟੀ ਬਣਾਈ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਕਮ ਸਥਿਤ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਹਾਈ ਕੋਰਟ ਵੱਲੋਂ ਦਿੱਤੇ ਗਏ ਫ਼ੈਸਲੇ ਦੇ ਮੱਦੇਨਜ਼ਰ ਲੋੜੀਂਦੀ ਕਾਰਵਾਈ ਲਈ ਇਕ ਸਬ-ਕਮੇਟੀ ਦਾ ਗਠਨ ਕੀਤਾ ਹੈ। ਇਹ ਸਬ-ਕਮੇਟੀ ਛੇਤੀ ਹੀ ਸਿੱਕਮ ਲਈ ਰਵਾਨਾ ਹੋਵੇਗੀ ਅਤੇ ਉਥੋਂ ਦੀਆਂ ਸਥਾਨਕ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਵਿਚਾਰ-ਚਰਚਾ ਕਰੇਗੀ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੇ ਮਾਮਲੇ ਬਾਰੇ ਸਿੱਕਮ ਸਰਕਾਰ ਨੂੰ ਆਖਿਆ ਕਿ ਉਹ ਇਸ ਮਾਮਲੇ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਆਪਣੀ ਰਿਪੋਰਟ 18 ਅਗਸਤ ਤਕ ਅਦਾਲਤ ਵਿੱਚ ਪੇਸ਼ ਕਰੇ।

## Arunachal Pradesh: Gurdwara Sahib or Buddhist shrine?



A Colonel in the Indian Army apparently sowed the seeds of a Buddhism-Sikhism dispute near the Line of Actual Control (LAC) in Arunachal Pradesh 36 years ago. On April 24, the National Commission for Minorities sought a detailed report from the Arunachal Pradesh government over the claim of the Shiromani Gurdwara Parbandhak Committee (SGPC) that a historical site associated with Guru Nanak Dev in Mechukha had been converted into a Buddhist shrine.



Sikh delegation meets Andhra Pradesh Chief Minister Y S Jagan Mohan Reddy.



# ਕੀ ਤੁਸੀਂ MBA ਕਰਨਾ ਚਾਹੁੰਦੇ ਹੋ?

# ਕੀ ਤੁਹਾਡੇ ਕੋਲ ਵਿੱਤੀ ਸਰੋਤ ਨਹੀਂ ਹਨ?

## ਆਉ! ਸ਼੍ਰੋਮਣੀ ਕਮੇਟੀ ਅਤੇ ਸ੍ਰੀ ਗੁਰੂ ਸਿੰਘ ਸਭਾ ਦਾਦਰ ਦੇ ਸਹਿਯੋਗ ਦੇ ਨਾਲ

**ਪੂਰੇ ਭਾਰਤ ਤੋਂ MBA ਅਭਿਲਾਖੀਆਂ ਦੀਆਂ ਚਿੰਤਾਤਵਾਂ ਦੂਰ ਕਰੀਏ।**

**Courses offered**

| MMS NBA Accredited | MCA | PGDM | PGDM BFSI | PGCM (E-MBA) | PGCM (EMBA-FM) |
|---|---|---|---|---|---|
| 2 years full-time MBA Program<br>Specialisations : Marketing \| Finance HR \| Operations \| IT | 2 years full-time Master's Program | 2 years full-time Management Program<br>Specialisations : Marketing \| Finance HR \| Operations \| IT | 2 years full-time Program in Banking, Financial Services and Insurance | 1 years part-time Executive Program<br>Specialisations : Marketing \| Finance HR \| Operations \| IT | 1 years part-time Executive Program in Financial Markets |

**Guru Nanak Khalsa College, Matunga, Mumbai**
**Guru Nanak Institute of Management Studies**
**GNIMS Business School**

Toll free: 1800 889 1335 or
give missed call: 1800 315 7110
Phone: 022 2404 3927 / 28,
Email: admission@gnims.com
Website: www.gnims.edu.in